
# ਬੇ-ਮੰਜ਼ਿਲਾ ਸਫ਼ਰ

ਇਕਵਾਕ ਸਿੰਘ ਪੱਟੀ



# ਬੇ-ਮੰਜ਼ਿਲਾ ਸਫ਼ਰ

(ਛੋਟਾ ਨਾਵਲ)

ਇਕਵਾਕ ਸਿੰਘ ਪੱਟੀ

2021

# Be-mazila Safar

By: Ikwak Singh Patti

© Author

ISBN 978-93-5493-051-5

1st Edition : 2021

Published By:
Self Published

Presented By:
Majha Worldwide

Majha Worldwide

Asis Enterprises - A Complete Printing Unit
City Enclave, Near Namdhari Kanda,
Tarn Taran Road, Amritsar.

Price : 150/-

*This is a work of fiction. Names, characters, places and incidents are either the product of the author's imagination or are used fictitiously, and any resemblance to any actual persons, living or dead, events or locales is entirely coincidental.*

# ਇਸੇ ਕਲਮ ਤੋਂ ...

| | |
|---|---|
| ਆਓ! ਨਾਨਕਵਾਦ ਦੇ ਧਾਰਨੀ ਬਣੀਏ! | 2009 |
| ਗੁਰ ਮੂਰਤਿ ਗੁਰ ਸਬਦ ਹੈ (ਲੇਖ ਸੰਗ੍ਰਹਿ) | 2011 |
| ਨਸੀਬ (ਸੰਪਾਦਿਤ-ਕਹਾਣੀ ਸੰਗ੍ਰਹਿ) | 2013 |
| ਕਾਗਜ਼ (ਕਹਾਣੀ ਸੰਗ੍ਰਹਿ) | 2014 |
| ਤਬਲਾ-ਸਿਧਾਂਤਕ ਪੱਖ | 2014 |
| ਜਰੀਦਾ (ਲੇਖ ਸੰਗ੍ਰਹਿ) | 2019 |
| ਤਾਣਾ ਬਾਣਾ (ਕਹਾਣੀ ਸੰਗ੍ਰਹਿ) | 2021 |
| ਬੇ-ਮੰਜ਼ਿਲਾ ਸਫ਼ਰ (ਛੋਟਾ ਨਾਵਲ) | 2021 |
| ਮਿੰਨੀ ਕਹਾਣੀ ਸੰਗ੍ਰਹਿ | (ਛਪਾਈ ਅਧੀਨ) |

# ਸਮਰਪਣ

## ਪੰਜਾਬੀ ਸਾਹਿਤ ਨੂੰ

# ਪਹਿਲੀ ਕੋਸ਼ਿਸ਼

ਸਾਹਿਤ ਲਿਖੇ ਜਾਣ ਤੋਂ ਪਹਿਲਾਂ ਜੀਵਿਆ ਜਾਂਦਾ ਹੈ, ਫਿਰ ਉਹ ਸਾਹਿਤਕਾਰ ਵੱਲੋਂ ਜੀਵਿਆ ਗਿਆ ਹੋਵੇ ਜਾਂ ਕਿਸੇ ਦੁਨੀਆਂਦਾਰ ਵੱਲੋਂ। ਇਸ ਵਿੱਚ ਕੋਈ ਅਤਿ-ਕਥਨੀ ਨਹੀਂ ਕਿ ਸਾਡਾ ਸਮੁੱਚਾ ਜੀਵਨ, ਸਾਹਿਤ ਨੂੰ ਸਮੱਗਰੀ ਪ੍ਰਦਾਨ ਕਰਦਾ ਹੈ। ਪ੍ਰਿੰ. ਸੁਜਾਨ ਸਿੰਘ ਤਾਂ ਇੱਥੋਂ ਤੱਕ ਲਿਖਦੇ ਹਨ ਕਿ, 'ਸਾਹਿਤ ਵਿੱਚ ਬਹੁਤਾ ਸਾਹਿਤਕਾਰ ਦਾ ਆਪਣਾ ਜੀਵਨ ਹੁੰਦਾ ਹੈ।'

ਖ਼ੈਰ! ਮੇਰੀ ਸਾਹਿਤ ਸਿਰਜਣਾ, ਕਿਤਾਬੀ ਨਹੀਂ ਹੈ। ਮੈਂ ਪੜ੍ਹਿਆ ਘੱਟ ਪਰ ਵੇਖਿਆ, ਸੁਣਿਆ, ਮਹਿਸੂਸ ਕੀਤਾ ਜਾਂ ਕਹਿ ਲਉ ਜੋ ਅਨੁਭਵ ਕੀਤਾ, ਉਸੇ ਨੂੰ ਸਾਹਿਤ ਦਾ ਰੂਪ ਦੇ ਦਿੱਤਾ। ਬੇਸ਼ਕ ਸ਼ੁਰੂਆਤ ਵਿੱਚ ਮੇਰੀ ਰੁਚੀ ਧਾਰਮਿਕ ਸਾਹਿਤ ਦੇ ਨਿਬੰਧ ਲਿਖਣ ਵੱਲ ਸੀ ਫਿਰ ਕਹਾਣੀ ਵੱਲ ਆਇਆ ਅਤੇ ਛੋਟੀਆਂ ਕਹਾਣੀਆਂ ਵਿੱਚ ਵੱਡੇ ਅਤੇ ਚਲੰਤ ਮੁੱਦਿਆਂ 'ਤੇ ਲਿਖਿਆ।

ਹੱਥਲਾ ਮਿੰਨੀ ਨਾਵਲ ਮੇਰੀ ਪਹਿਲੀ ਕੋਸ਼ਿਸ਼ ਹੈ। ਇੱਕ ਅਜਿਹਾ ਬੇ-ਮੰਜ਼ਿਲਾ ਸਫ਼ਰ, ਜਿਸ ਨੂੰ ਹਰ ਮਨੁੱਖ ਕਰ ਰਿਹਾ ਹੈ। ਬੇ-ਮਕਸਦ, ਬੇ-ਮਤਲਬ, ਬੇ-ਲੋੜਾ ਅਤੇ ਦਿਸ਼ਾਹੀਣ, ਕਿਉਂਕਿ ਸਾਮਜਿਕ ਰਹੁ-ਰੀਤਾਂ ਜਾਂ ਕਹਿ ਲਉ ਕੁਰੀਤੀਆਂ ਦਾ ਭਾਰ ਹੀ ਸਾਡੇ ਮੋਢਿਆਂ ਉੱਪਰ ਇੰਨਾ ਜਿਆਦਾ ਹੁੰਦਾ ਹੈ ਕਿ ਸਾਨੂੰ ਆਪਣਾ ਆਪ ਸੰਭਾਲਣ ਦਾ ਮੌਕਾ ਕਦੇ ਪ੍ਰਾਪਤ ਨਹੀਂ ਹੁੰਦਾ। ਕੁੱਝ ਅਜਿਹੇ ਮੁਰਦੇ ਰਿਸ਼ਤੇ ਸਾਰੀ ਜ਼ਿੰਦਗੀ ਇਸ ਲਈ ਮੋਢਿਆਂ 'ਤੇ ਢੋਂਦੇ ਰਹਿੰਦੇ ਹਾਂ, ਕਿ ਸਮਾਜ ਕੀ ਕਹੂ? ਧਰਮ ਕੀ ਕਹੂ?

ਨਾ-ਸ਼ਾਦ ਜ਼ਿੰਦਗੀ ਜਿਉਂਦਾ ਮਨੁੱਖ ਇੱਕ ਦਿਨ ਜ਼ਰੂਰ ਸੋਚਦਾ ਹੈ ਕਿ ਕਿਉਂ ਉਸਨੇ ਲੋਕਾਂ ਦੀ ਪ੍ਰਵਾਹ ਕੀਤੀ, ਕਿਉਂ ਨਾ ਮਨ ਆਈ ਕੀਤੀ, ਕਿਉਂ ਨਾ ਆਪਣਾ ਆਪ ਜਾਂ ਆਪਣਾ ਆਲਾ ਦੁਆਲਾ, ਆਪਣਾ ਘਰ ਪਰਵਾਰ ਸੰਭਾਲਣ ਦਾ ਜਤਨ ਕੀਤਾ? ਪਰ ਉਦੋਂ ਸਮਾਂ ਗੁਜ਼ਰ ਚੁੱਕਿਆ ਹੁੰਦਾ ਹੈ, ਮੌਕਾ ਹੱਥੋਂ ਨਿਕਲ ਗਿਆ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਰੱਬ ਵੱਲੋਂ ਦਿੱਤੇ ਦਿਮਾਗ ਦੀ ਯੋਗ

ਵਰਤੋਂ ਕਰਦੇ ਹੋਏ, ਹਰ ਖੇਤਰ ਵਿੱਚ ਪੇਸ਼ ਕਦਮੀ ਕੀਤੀ ਜਾਵੇ। ਜ਼ਿੰਦਗੀ ਨੂੰ ਜੀਵਿਆ ਜਾਵੇ, ਮਾਣਿਆ ਜਾਵੇ ਅਤੇ ਦੂਜਿਆਂ ਨੂੰ ਜਿਊਣ ਅਤੇ ਮਾਨਣ ਦਾ ਮੌਕਾ ਦਿੱਤਾ ਜਾਵੇ।

ਉਮੀਦ ਕਰਦਾ ਹਾਂ ਕਿ ਪੰਜਾਬੀ ਪਾਠਕਾਂ ਵੱਲੋਂ ਮੇਰੀ ਪਹਿਲੀ ਕੋਸ਼ਿਸ਼ ਇਸ ਛੋਟੇ ਨਾਵਲ ਨੂੰ ਪਸੰਦ ਕੀਤਾ ਜਾਵੇਗਾ, ਕਿਉਂਕਿ ਇਸ ਨਾਵਲ ਦੀ ਕਹਾਣੀ ਸਾਡੇ ਆਲੇ-ਦੁਆਲੇ ਜਾਂ ਕਿਤੇ ਬਹੁਤੇ ਨੇੜੇ ਵਾਪਰ ਚੁੱਕੀ ਹੈ ਜਾਂ ਵਾਪਰ ਰਹੀ ਹੈ। ਫਿਰ ਕਿਸੇ ਵੀ ਤਰ੍ਹਾਂ ਦੀ ਰਹਿ ਗਈ ਊਣਤਾਈ ਲਈ ਅਗਾਹੂੰ ਮੁਆਫ਼ੀ ਮੰਗਦਾ ਹਾਂ। ਉਮੀਦ ਕਰਦਾ ਹਾਂ ਨਾਵਲ ਦੀ ਕਹਾਣੀ ਤੁਹਾਨੂੰ ਬੋਰ ਨਹੀਂ ਕਰੇਗੀ।

ਆਖ਼ਰ ਵਿੱਚ ਇਹੀ ਕਹਾਂਗਾ , 'ਦਿਲਸੋਜ਼ ਲੋਕਾਂ ਤੋਂ ਦੂਰੀ ਬਣਾ ਕੇ ਰੱਖੋ, ਆਪਣਾ ਆਪ ਬਚਾ ਕੇ ਰੱਖੋ।' ਮੇਰੇ ਸਾਰੇ ਦੋਸਤਾਂ/ਸੱਜਣਾਂ/ਮਿੱਤਰਾਂ ਅਤੇ ਸ਼ੁੱਭ-ਚਿੰਤਕਾਂ ਦਾ ਵੀ ਤਹਿ ਦਿਲੋਂ ਧੰਨਵਾਦ। ਜੋ ਮੇਰੇ ਵੱਲੋਂ ਲਿਖੇ ਜਾਂਦੇ ਬਕੜਵਾਹੇ ਨੂੰ ਪੜ੍ਹਦੇ ਵੀ ਹਨ ਅਤੇ ਮੈਨੂੰ ਸੁਣਦੇ ਵੀ ਹਨ।

**- ਇਕਵਾਕ ਸਿੰਘ ਪੱਟੀ**

ਅਗਸਤ 2021

# 1

ਇਹੀ ਕੋਈ 90ਵਿਆਂ ਵਿੱਚ ਉਹ ਜੰਮਿਆ ਸੀ। ਇੱਕ ਤਾਂ ਪਹਿਲ-ਪਲੇਠੀ ਦਾ ਪੁੱਤ ਸੀ ਦੂਜਾ ਸੁੱਖ ਨਾਲ ਵਾਹਵਾ ਹੀ ਸੁੱਖਣਾ ਸੁੱਖ-ਸੁੱਖ ਕੇ, ਵਿਆਹ ਤੋਂ ਸੱਤ ਸਾਲ ਬਾਅਦ ਰੱਬ ਨੇ ਸਰਪੰਚ ਸ੍ਰ. ਕਰਤਾਰ ਸਿੰਹੁ ਅਤੇ ਜਸਵੰਤ ਕੌਰ ਦੀ ਝੋਲੀ ਪਾਇਆ ਸੀ। ਬੱਸ ਫਿਰ ਕੀ ਸੀ ਘਰ ਵਿੱਚ ਤਾਂ ਖ਼ੁਸ਼ੀ ਦਾ ਮਾਹੌਲ ਹੋਣਾ ਹੀ ਸੀ, ਸੱਭ ਰਿਸ਼ਤੇਦਾਰਾਂ, ਸਾਕ ਸਨੇਹੀਆਂ ਅਤੇ ਆਂਢ-ਗੁਆਂਡੀਆਂ ਨੇ ਜਸ਼ਨ ਮਨਾਏ। ਕਈ ਮਹੀਨੇ ਇਹ ਘਰ ਵਧਾਈਆਂ ਵਾਲਾ ਘਰ ਬਣਿਆ ਰਿਹਾ। ਘਰ ਦੇ ਦਰਵਾਜ਼ੇ ਦੇ ਕੌਲਿਆਂ ਮੂਹਰੇ ਤੇਲ ਚੋਏ ਗਏ, ਸ਼ਰੀਂਹ ਦੀਆਂ ਟਾਹਣੀਆਂ ਦੀਆਂ ਮਾਲਾਵਾਂ ਪਰੋ ਕੇ ਦਰਾਂ ਉੱਤੇ ਬੰਨ੍ਹੀਆਂ ਗਈਆਂ। ਖ਼ੂਬ ਮਠਿਆਈਆਂ ਬਣਵਾ ਕੇ ਵੰਡੀਆਂ ਗਈਆਂ। ਗੱਲ ਕੀ ਸਾਰੇ ਪਿੰਡ ਦਾ ਮੂੰਹ ਮਿੱਠਾ ਕਰਵਾਇਆ ਗਿਆ ਅਤੇ ਕਈ ਮਹੀਨੇ ਇਸ ਪਿੰਡ ਵਿੱਚ, ਦੂਜੇ ਪਿੰਡੋਂ ਆਉਣ ਵਾਲਿਆਂ ਦੇ ਵੀ ਮੂੰਹ ਮਿੱਠੇ ਹੁੰਦੇ ਰਹੇ। ਬਈ ! ਸਰਪੰਚ ਕਰਤਾਰੇ ਘਰ ਰੱਬ ਨੇ ਸੱਤੀਂ ਸਾਲੀਂ ਜੀਅ ਦਿੱਤਾ ਹੈ।

ਪਹਿਲਾਂ ਤਾਂ ਕਰਤਾਰ ਸਿੰਹੁ ਆਪਣੀ ਘਰਵਾਲੀ ਅਤੇ ਪਰਵਾਰ ਦੀਆਂ ਵੱਖ-ਵੱਖ ਥਾਈਂ ਸੁੱਖੀਆਂ ਸੁਖਨਾਵਾਂ ਨੂੰ ਪੂਰਾ ਕਰਦਾ ਰਿਹਾ, ਫਿਰ ਆਂਢ-ਗੁਆਂਢੀਆਂ ਵੱਲੋਂ ਸੁੱਖੀਆਂ ਗਈਆਂ ਮੰਨਤਾਂ ਵੀ ਉਹਨਾਂ ਨਾਲ ਜਾ-ਜਾ ਕੇ ਪੂਰੀਆਂ ਕੀਤੀਆਂ ਗਈਆਂ। ਸਾਰੇ ਸਨੇਹੀ ਰੱਬ-ਪ੍ਰਮਾਤਮਾ ਦਾ ਧੰਨਵਾਦ ਕਰਦੇ ਨਹੀਂ ਸਨ ਥੱਕਦੇ। ਬੱਸ ਇਸੇ ਗੱਲੋਂ ਕਿ ਇਹ ਗੁਰੂ ਦੀ ਮਿਲੀ ਦਾਤ ਹੈ, ਇਸ ਕਾਕੇ ਦਾ ਨਾਂ ਗੁਰਦਿੱਤ ਸਿੰਘ ਰੱਖ ਦਿੱਤਾ ਗਿਆ। ਬਾਅਦ ਵਿੱਚ ਛੋਟਾ ਨਾਮ ਜਾਂ ਕਹਿ ਲਉ ਘਰ ਦਾ ਨਾਮ ਗੂਰੀ ਪ੍ਰਚੱਲਿਤ ਹੋ ਗਿਆ।

ਜਦੋਂ ਗੁਰਦਿੱਤ ਕੁੱਝ ਕੁ ਵੱਡਾ ਹੋਇਆ ਤਾਂ ਪਰਵਾਰ ਵੱਲੋਂ ਧਮਾਣ ਕੀਤਾ

ਗਿਆ। ਪੂਰੇ ਪਿੰਡ ਦਾ ਮਾਹੌਲ ਮਾਣੋ ਕਿਸੇ ਮੇਲੇ ਤੋਂ ਘੱਟ ਨਹੀਂ ਸੀ ਲੱਗਦਾ। ਹਰ ਤਰ੍ਹਾਂ ਦਾ ਕਾਰ-ਵਿਹਾਰ ਨੇਪਰੇ ਚਾੜ੍ਹਿਆ ਗਿਆ। ਸੱਭ ਰਿਸ਼ਤੇਦਾਰਾਂ ਵੱਲੋਂ ਰੱਜਵਾਂ ਪਿਆਰ, ਮਾਣ ਅਤੇ ਸਤਿਕਾਰ ਨਾਲ ਤੋਹਫਿਆਂ/ਸੌਗਾਤਾਂ ਦੀਆਂ ਢੇਰੀਆਂ ਲਗਾ ਦਿੱਤੀਆਂ। ਕਾਕਾ ਜੰਮਣ ਦੀਆਂ ਪੂਰੀਆਂ ਰਸਮਾਂ ਨਿਭਾਈਆਂ ਗਈਆਂ। ਨਾਨਕਿਆਂ-ਦਾਦਕਿਆਂ ਨੇ ਆਪਣੀਆਂ ਮਨ ਆਈਆਂ ਰੀਝਾਂ ਪੂਰੀਆਂ ਕੀਤੀਆਂ। ਵੰਨ-ਸੁਵੰਨੇ ਸੋਨੇ-ਚਾਂਦੀ ਦੇ ਗਹਿਣਿਆਂ ਨਾਲ, ਵੱਧ ਤੋਂ ਵੱਧ ਚਾਅ ਨਾਨਕਿਆ ਅਤੇ ਦਾਦਕਿਆਂ ਵੱਲੋਂ ਦਰਸਾਇਆ ਗਿਆ।

ਸੁੱਖ ਸੁਖਾਂ ਨਾਲ ਗੁਰਦਿੱਤ ਸਿੰਘ ਤਿੰਨ ਕੁ ਸਾਲਾਂ ਦਾ ਹੋ ਗਿਆ ਅਤੇ ਰੱਬ ਨੇ ਉਸਦੇ ਖੇਡਣ ਲਈ ਇੱਕ ਵੀਰ ਭੇਜ ਦਿੱਤਾ। ਮੁੜ ਤੋਂ ਨਿੱਕੇ ਕਾਕੇ ਦੇ ਵੀ ਸਾਰੇ ਚਾਅ ਕੀਤੇ ਗਏ। ਦੋ ਕੁ ਸਾਲ ਪਹਿਲਾਂ ਕਰਤਾਰ ਸਿੰਘ ਨੇ ਸਰਪੰਚੀ ਛੱਡ ਦਿੱਤੀ, ਭਾਵੇਂ ਪਿੰਡ ਵਾਲਿਆਂ ਨੇ ਜ਼ੋਰ ਪਾਇਆ, ਪਰ ਕਰਤਾਰ ਸਿੰਘ ਨਾ ਮੰਨਿਆ। ਹੋਰ ਦੋ ਸਾਲ ਬਾਅਦ ਘਰ ਵਿੱਚ ਇੱਕ ਧੀ ਨੇ ਜਨਮ ਲਿਆ। ਘਰ ਵਿੱਚ ਆਈ ਇਸ ਪਹਿਲੀ ਧੀ ਦੀਆਂ ਵੀ ਸਾਰੀਆਂ ਰੀਝਾਂ ਪੂਰੀਆਂ ਕੀਤੀਆਂ ਗਈਆਂ ਅਤੇ ਦੋਵੇਂ ਭਰਾਵਾਂ ਵਾਂਗ ਇਸ ਮੌਕੇ ਵੀ ਸਭ ਦੇ ਮੂੰਹ ਮਿੱਠੇ ਕਰਵਾਏ। ਘਰ ਲੱਛਮੀ ਆਈ ਹੈ ਨੂੰ ਸਿਰਫ ਲੋਕ ਵਿਖਾਵੇ ਵੱਜੋਂ ਹੀ ਨਹੀਂ ਦੱਸਿਆ ਸਗੋਂ ਕੁੜੀ ਜੰਮਣ 'ਤੇ ਉਹਦੇ ਘਰ ਪੈਣ ਮੌਕੇ ਸਾਰੇ ਕਾਰ ਵਿਹਾਰ ਪੂਰੇ ਚਾਅਵਾਂ-ਮਲ੍ਹਾਰਾਂ ਨਾਲ ਕੀਤੇ ਗਏ।

ਛੋਟੇ ਪੁੱਤ ਦਾ ਨਾਮ ਜਗਸੀਰ ਸਿੰਘ ਅਤੇ ਧੀ ਦਾ ਨਾਮ ਆਸੀਸ ਕੌਰ ਰੱਖਿਆ ਗਿਆ। ਗੁਰਦਿੱਤ ਸਿੰਘ ਅੱਠ ਕੁ ਵਰ੍ਹਿਆਂ ਦਾ ਸੀ, ਜਦ ਕਰਤਾਰ ਸਿੰਘ ਪਿੰਡ ਛੱਡ ਕੇ ਸ਼ਹਿਰ ਆ ਵੱਸਿਆ। ਕੁੱਝ ਕੁ ਮਹੀਨਿਆਂ ਬਾਅਦ ਹੀ ਕਰਤਾਰ ਸਿੰਘ ਨੇ ਮੁੜ ਵਾਪਸ ਪਿੰਡ ਜਾਣ ਲਈ ਸ਼ਹਿਰ ਵਾਲੀ ਥਾਂ ਵੇਚਣ ਨੂੰ ਲਾ ਦਿੱਤੀ, ਪਰ ਕੋਈ ਸੌਦਾ ਸਿਰੇ ਨਾ ਚੜ੍ਹਿਆ ਅਤੇ ਹੌਲੀ ਹੌਲੀ ਸ਼ਹਿਰ ਵਿੱਚ ਹੀ ਅਡਜਸਟਮੈਂਟ ਹੁੰਦੀ ਗਈ। ਇੱਥੇ ਹੀ ਸੁਹਣਾ ਕਾਰੋਬਾਰ ਵੀ ਚੱਲ ਪਿਆ। ਵੱਡਾ ਕਾਕਾ ਗੂਰੀ ਪੜ੍ਹਾਈ ਵਿੱਚ ਠੀਕ ਠਾਕ ਜਿਹਾ ਸੀ। ਜਦ ਕਿ ਛੋਟੇ ਭੈਣ-ਭਰਾ ਥੋੜ੍ਹੇ ਤੇਜ਼ ਸਨ।

ਘਰ ਪਰਵਾਰ ਧਰਮ ਕਰਮ ਸਾਰੇ ਹੀ ਨਿਭਾਉਂਦਾ ਸੀ। ਹਰ ਸਾਲ ਘਰ ਵਿੱਚ ਸੁੱਖ-ਸ਼ਾਂਤੀ ਦਾ ਅਖੰਡਪਾਠ ਕਰਵਾਇਆ ਜਾਂਦਾ। ਗੁਰਦਿੱਤ ਇਸ ਮੌਕੇ ਆਪਣੇ ਪਿਤਾ ਜੀ ਨਾਲ ਸਾਰੀਆਂ ਧਾਰਮਿਕ ਰਸਮਾਂ ਬੜੇ ਉਤਸ਼ਾਹ ਨਾਲ ਨਿਭਾਉਂਦਾ। ਸਾਰੀ ਰਾਤ ਆਉਣ ਜਾਣ ਵਾਲੇ ਪਾਠੀ ਸਿੰਘਾਂ ਦੀ ਸੇਵਾ ਕਰਨੀ ਅਤੇ ਧੂਫ਼ ਬੱਤੀ ਕਰਦੇ ਹੀ ਰਹਿਣਾ। ਇਸ ਸੱਭ ਦਾ ਗੁਰੀ ਦੇ ਮਨ 'ਤੇ ਵਾਹਵਾ ਪ੍ਰਭਾਵ ਪਿਆ ਹੋਇਆ ਸੀ। ਦੱਸਵੀਂ ਪਾਸ ਕੀਤੀ ਤਾਂ ਥੋੜੀ ਧਾਰਮਿਕ ਬਿਰਤੀ ਹੋਣ ਕਰਕੇ ਗੁਰੀ ਨੂੰ ਨੇੜੇ ਹੀ ਇੱਕ ਧਾਰਮਿਕ ਡੇਰੇ ਵਿੱਚ ਗੁਰਬਾਣੀ ਸੰਥਿਆ, ਕੀਰਤਨ ਆਦਿ ਦੀ ਸਿਖਲਾਈ ਲਈ ਭੇਜਿਆ ਜਾਣ ਲੱਗਾ। ਉੱਥੇ ਜਾ ਕੇ ਗੂਰੀ ਕਾਫੀ ਖ਼ੁਸ਼ ਰਹਿਣ ਲੱਗ ਪਿਆ ਅਤੇ ਉਸ ਵਿਦਿਆਲੇ ਵਿੱਚ ਚੰਗੀ ਤਰ੍ਹਾਂ ਘੁਲ-ਮਿਲ ਗਿਆ।

ਤਿੰਨ-ਚਾਰ ਸਾਲ ਤੱਕ ਉਹ ਘਰਾਂ ਵਿੱਚ ਅਖੰਡਪਾਠ ਸਾਹਿਬ, ਸਹਿਜਪਾਠ ਸਾਹਿਬ ਅਤੇ ਕੀਰਤਨ ਆਦਿ ਦੀਆਂ ਸੇਵਾਵਾਂ ਖ਼ੂਬ ਨਿਭਾਉਣ ਲੱਗ ਪਿਆ ਸੀ। ਦੁਨਿਆਵੀ ਪੜ੍ਹਾਈ ਕੇਵਲ ਦੱਸਵੀਂ ਪਾਸ ਹੀ ਸੀ, ਪਰ ਰੂਹਾਨੀਅਤ ਦੀ ਉਸਨੂੰ ਕਾਫੀ ਸਮਝ ਸੀ, ਜੋ ਜ਼ਿਆਦਾ ਤੌਰ 'ਤੇ ਡੇਰੇ ਵਿੱਚ ਪੜ੍ਹੀਆਂ ਧਾਰਮਿਕ ਕਿਤਾਬਾਂ ਜਾਂ ਸਮਾਗਮਾਂ ਵਿੱਚ ਹੁੰਦੀਆਂ ਕਥਾ-ਕਥਾਵਾਂ ਤੋਂ ਪ੍ਰਭਾਵਿਤ ਸੀ।

ਪਰ ਜਿਉਂ-ਜਿਉਂ ਉਹ ਆਪ ਗੁਰਬਾਣੀ ਪੜ੍ਹਦਾ ਗਿਆ ਤਾਂ ਉਸ ਵੱਲੋਂ ਕੀਤੇ ਜਾ ਰਹੇ ਧਾਰਮਿਕ ਕਰਮ, ਅਡੰਬਰ ਜਿਹੇ ਭਾਸਣ ਲੱਗੇ। ਹੁਣ ਉਸਦਾ ਮਨ ਇਸ ਕੰਮ ਵੱਲੋਂ ਪੂਰੀ ਤਰ੍ਹਾਂ ਟੁੱਟ ਜਿਹਾ ਗਿਆ। ਕੋਈ ਉਸ ਨੂੰ ਪਾਠ ਦੀ ਰੋਲ ਲਾਉਣ ਲਈ ਕਹਿੰਦਾ ਤਾਂ ਗੁਰਦਿੱਤ ਟਾਲ-ਮਟੋਲ ਕਰ ਦਿੰਦਾ। ਜੇ ਕੋਈ ਘਰ ਵਿੱਚ ਜਾਂ ਕਿਸੇ ਸਮਾਗਮ 'ਤੇ ਕੀਰਤਨ ਕਰਨ ਲਈ ਬੁੱਕ ਕਰਵਾਉਣ ਆਉਂਦਾ ਤਾਂ ਉਸਨੂੰ ਵੀ ਟਾਲ-ਮਟੋਲ ਕਰ ਦਿੰਦਾ ਜਾਂ ਆਪਣੀ ਥਾਂ ਕਿਸੇ ਹੋਰ ਰਾਗੀ ਜੱਥੇ ਨੂੰ ਭੇਜ ਦਿੰਦਾ।

ਇੱਕ ਦਿਨ ਉਸ ਦੇ ਨਾਲ ਜੋੜੀ ਵਜਾਉਣ ਵਾਲੇ ਦੇ ਭਰਾ ਅਤੇ ਗੁਰਦਿੱਤ ਸਿੰਘ ਦੇ ਮਿੱਤਰ ਨਵਤੇਜ ਨੇ ਪੁੱਛਿਆ, 'ਗੁਰਦਿੱਤੇ ਯਾਰ! (ਵਿਦਿਆਲੇ ਵਿੱਚ ਉਸਦੇ ਸੰਗੀ ਸਾਥੀ ਪਿਆਰ ਨਾਲ ਗੁਰਦਿੱਤ ਸਿੰਘ ਨੂੰ

'ਗੁਰਦਿੱਤਾ' ਹੀ ਸੱਦਦੇ ਸਨ) ਇੱਕ ਗੱਲ ਦੱਸ? ਤੈਨੂੰ ਪੈਸਿਆਂ ਦੀ ਲੋੜ ਨਹੀਂ, ਕੀ ਤੂੰ ਕੱਲ੍ਹ ਨੂੰ ਆਪਣਾ ਘਰ-ਬਾਹਰ ਨਹੀਂ ਵਸਾਉਣਾ? ਐਡੀ ਸੁਹਣੀ ਤੇਰੀ ਅਵਾਜ਼ ਹੈ, ਤੂੰ ਕੈਸਿਟ ਰਿਕਾਰਡ ਕਰਵਾਵੇਂ ਤਾਂ ਬਹਿਜਾ ਬਹਿਜਾ ਹੋ ਜੇ, ਦੇਸ਼ ਕੀ ਵਿਦੇਸ਼ ਵਿੱਚ ਤੇਰੀ ਮੰਗ ਵੱਧ ਜਾਵੇ, ਸੰਗਤਾਂ ਪੈਸਿਆਂ ਦਾ ਢੇਰ ਲਗਾ ਦੇਣ! ਪਰ ਤੂੰ ਹੁਣ ਨਾ ਤਾਂ ਪਾਠ ਕਰਨ ਜਾਂਦਾ ਹੈਂ ਨਾ ਹੀ ਕੀਰਤਨ ਕਰਨ? ਗੱਲ ਕੀ ਹੈ ਮੈਨੂੰ ਤਾਂ ਦੱਸ?'

ਗੁਰਦਿੱਤੇ ਨੇ ਜੁਆਬ ਦਿੱਤਾ ਕਿ, 'ਗੁਰਬਾਣੀ ਗਾ ਕੇ, ਪੈਸੇ ਕਮਾਉਣ ਲਈ ਮੇਰੀ ਹੁਣ ਰੂਹ ਨਹੀਂ ਮੰਨਦੀ। ਪੈਸੇ ਤਾਂ ਕੋਈ ਵੀ ਕੰਮ ਕਰਕੇ ਕਮਾਏ ਜਾ ਸਕਦੇ ਨੇ, ਕੀਰਤਨ ਤਾਂ ਸੱਚੇ ਪ੍ਰਮਾਤਮਾ ਦੀ ਕੀਰਤੀ ਹੈ, ਕੋਈ ਪੈਸੇ ਕਮਾਉਣ ਦਾ ਢੰਗ ਜਾਂ ਕਾਰੋਬਾਰ ਨਹੀਂ ਹੈ ਜਾਂ ਤਾਂ ਮੈਂ ਨਿਸ਼ਕਾਮ ਕੀਰਤਨ ਕਰੂੰ ਜਾਂ ਫਿਰ ਬਿਲਕੁਲ ਨਹੀਂ ਕਰਾਂਗਾ। ਹਾਂ ਕਦੇ ਰੱਬ ਨੇ ਮੌਜ ਬਖਸ਼ੀ ਤਾਂ ਮਨ ਦੀ ਖੁਸ਼ੀ ਲਈ ਕੇਵਲ ਗੁਰਦੁਆਰਾ ਸਵੇਰ ਜਾਂ ਸ਼ਾਮ ਦੀ ਕੀਰਤਨ ਹਾਜ਼ਰੀ ਲਗਵਾ ਆਇਆ ਕਰੂੰ।'

ਨਵਤੇਜ ਨੇ ਫਿਰ ਸਮਝਾਇਆ, 'ਦੇਖ ਗੁਰਦਿੱਤੇ, ਆਪਾਂ ਮਸਾਂ ਦਸ/ਬਾਰਾਂ ਜਮਾਤਾਂ ਪੜ੍ਹੇ ਹਾਂ। ਹੋਰ ਕੰਮ ਕੋਈ ਸਿੱਖਿਆ ਨਹੀਂ, ਨਾ ਹੀ ਕੁੱਝ ਹੋਰ ਆਉਂਦਾ ਕਰਨ ਨੂੰ, ਆਹੀ ਇੱਕ ਸਿੱਖਿਆ ਹੈ, ਸਤਿਕਾਰ ਵੀ ਪੂਰਾ ਹੈ ਅਤੇ ਪੈਸਾ ਵੀ ਹੈ। ਜੇ ਇਹ ਕੰਮ ਛੱਡ ਦੇਵੇਂਗਾ ਤਾਂ ਯਾਦ ਰੱਖੀਂ ਘਰ ਦਾ ਚੁੱਲ੍ਹਾ ਤਾਂ, ਬੱਲਦੀ ਅੱਗ ਨਾਲ ਹੀ ਸੋਹੁੰਦਾ ਹੈ। ਨਾਲੇ ਚੱਲ ਮੰਨ ਲੈ ਕਿ ਤੂੰ ਨਿਸ਼ਕਾਮ ਕੀਰਤਨ ਕਰ ਵੀ ਲਵੇਂਗਾ ਤਾਂ ਤੇਰੀ ਤਾਂ ਰੂਹ ਰਾਜ਼ੀ ਹੋ ਜੂ, ਪਰ ਤੇਰੇ ਨਾਲ ਦੇ ਸਾਥੀਆਂ ਦਾ ਕੀ ਬਣੂੰ? ਜਿਨ੍ਹਾਂ ਨੂੰ ਆਸ ਹੀ ਤੇਰੇ ਉੱਤੇ ਹੈ ਕਿ ਤੈਨੂੰ ਕੋਈ ਪ੍ਰੋਗਰਾਮ ਬੁੱਕ ਹੋਵੇ ਤਾਂ ਤੇਰੇ ਨਾਲ ਦੇ ਤਬਲਾ ਵਾਦਕ ਅਤੇ ਸਹਾਇਕ ਰਾਗੀ ਦਾ ਤੋਰੀ ਫੁਲਕਾ ਚੱਲਦਾ ਰਹੇ। ਕੀ ਇਸ ਤਰ੍ਹਾਂ ਕਿਸੇ ਦੀ ਰੋਟੀ 'ਤੇ ਲੱਤ ਮਾਰ ਕੇ ਤੂੰ ਆਪਣੀ ਆਹ ਰੂਹ ਦੀ ਖੁਸ਼ੀ ਪ੍ਰਾਪਤ ਕਰ ਸਕਦੈਂ? ਨਾਲੇ ਕੀਰਤਨ ਕਥਾ ਕਰਨਾ ਤਾਂ ਆਪਣੇ ਧਰਮ, ਆਪਣੀ ਕੌਮ ਦੀ ਸੇਵਾ ਕਰਨ ਬਰਾਬਰ ਹੈ। ਇਸ ਲਈ ਇੱਕ ਵਾਰ ਇਹ ਜ਼ਰੂਰ ਸੋਚੀਂ, ਮੈਂ ਕੱਲ੍ਹ ਸ਼ਾਮੀਂ ਤੈਨੂੰ ਸੱਥ ਵਿੱਚ ਮਿਲਾਂਗਾ' ਕਹਿ ਕੇ ਨਵਤੇਜ ਤੁਰਦਾ

ਬਣਿਆ।

ਗੁਰਦਿੱਤ ਵਾਹਵਾ ਰਾਤ ਗਈ ਤੱਕ ਬਹੁਤ ਕੁੱਝ ਸੋਚਦਾ ਰਿਹਾ। ਕਿਤੇ ਉਹਨੂੰ ਨਵਤੇਜ ਦੀਆਂ ਗੱਲਾਂ ਬਿਲਕੁਲ ਸਹੀ ਲੱਗਦੀਆਂ ਕਿ ਹੱਥੀਂ ਕਿਰਤ ਤਾਂ ਕੋਈ ਆਉਂਦੀ ਨਹੀਂ, ਵਿੱਦਿਅਕ ਯੋਗਤਾ ਕੇਵਲ ਦਸਵੀਂ ਪਾਸ ਹੈ ਭਵਿੱਖ ਵਿੱਚ ਕਰਨਾ ਹੈ ਤਾਂ ਕਿਵੇਂ ਅਤੇ ਕੀ ਕਰਾਂਗਾ? ਨਾਲੇ ਕੀਰਤਨ ਕਰਨਾ ਕੋਈ ਮਾੜਾ ਕੰਮ ਥੋੜ੍ਹੀ ਹੈ। ਇਹ ਤਾਂ, 'ਨਾਲੇ ਪੁੰਨ ਨਾਲੇ ਫਲੀਆਂ' ਵਾਂਗਰ ਹੈ। ਮਨ ਨਾਲ ਹੋਰ ਕਈ ਗੱਲਾਂ ਕੀਤੀਆਂ ਅਤੇ ਆਪਣੇ ਦਿਲ ਅੰਦਰ ਹੀ ਆਪਣੀ ਮਰਜ਼ੀ ਦਾ ਫੈਸਲਾ ਕਰਕੇ ਉਹ ਅਰਾਮ ਦੀ ਨੀਂਦ ਸੌਂ ਗਿਆ।

ਅਗਲੀ ਸ਼ਾਮ ਨੂੰ ਜਦ ਨਵਤੇਜ ਉਹਨੂੰ ਮਿਲਿਆ ਤਾਂ ਗੁਰਦਿੱਤੇ ਦੇ ਚਿਹਰੇ 'ਤੇ ਝਲਕਦੀ ਖੁਸ਼ੀ ਤੋਂ ਰਾਤ ਵਾਲੀਆਂ ਗੱਲਾਂ ਦਾ ਅਸਰ ਹੋਇਆ ਮਹਿਸੂਸ ਕੀਤਾ ਅਤੇ ਬੜੇ ਜੋਸ਼ ਨਾਲ ਫਤਿਹ ਗਜਾ ਕੇ, ਗੁਰਦਿੱਤੇ ਨੂੰ ਕਹਿਣ ਲੱਗਾ, 'ਕਿੱਦਾਂ ਸਿੰਘ ਸਾਹਬ ਫੜ੍ਹੀਏ ਫਿਰ ਨਵੇਂ ਪ੍ਰੋਗ੍ਰਾਮ?'

ਗੁਰਦਿੱਤੇ ਨੇ ਕਿਹਾ, 'ਜ਼ਰੂਰ ਮਹਾਰਾਜ! ਕਿਉਂ ਨਹੀਂ? ਪਰ...

'ਪਰ? ਪਰ ਕੀ?' ਨਵਤੇਜ ਨੇ ਨਾਲ ਹੀ ਪੁੱਛ ਲਿਆ?

'ਪਰ ਕੀਰਤਨ ਦੇ ਨਹੀਂ, ਸਿਰਫ ਕਥਾ ਦੇ! ਕਿਉਂਕਿ ਮੈਂ ਕੀਰਤਨ ਨਹੀਂ ਕਰਨਾ, ਸਿਰਫ ਕਥਾ ਕਰਿਆ ਕਰੂੰ ਗੁਰੂ ਬਾਬੇ ਦੀ ਬਾਣੀ ਦੀ, ਗੁਰ ਇਤਿਹਾਸ ਦੀ, ਇਸ ਨਾਲ ਮੈਨੂੰ ਮਾਨਸਿਕ ਸ਼ਾਂਤੀ ਵੀ ਮਿਲ ਜਾਇਆ ਕਰੂ, ਨਾਲੇ ਪੈਸੇ ਧੇਲੇ ਦੀ ਚਿੰਤਾ ਨਹੀਂ, ਕਿਉਂਕਿ ਇਸ ਕੰਮ ਲਈ ਮੈਂ ਸਵਾ ਲੱਖ ਹੀ ਬੜਾ ਹਾਂ। ਨਾ ਤਾਂ ਨਾਲ ਤਬਲਾ ਵਜਾਉਣ ਵਾਲਾ ਚਾਹੀਦਾ, ਨਾ ਵਾਜਾ ਵਜਾਉਣ ਵਾਲਾ, ਨਾ ਵਾਜੇ ਤਬਲੇ ਚੁੱਕ ਕੇ ਕਿਤੇ ਲਿਜਾਣੇ ਪੈਣ? ਨਾਲੇ ਮੇਰੀ ਜੱਥੇ ਦੇ ਸਾਥੀ ਵੀ ਹੁਣ ਮੇਰੇ ਵੱਲੋਂ ਮੁਕਤ ਹੋਏ। ਆਪਣਾ ਜੋੜ ਮੇਲ ਹੋਰ ਕਿਸੇ ਨਾਲ ਬਣਾ ਕੇ ਆਪਣਾ ਤੋਰੀ ਫੁਲਕਾ ਚਲਾ ਸਕਦੇ ਨੇ। ਇਸ ਲਈ ਮੈਂ ਅੱਜ ਤੋਂ ਕਥਾ ਕਰਨ ਦਾ ਫੈਸਲਾ ਕਰ ਲਿਆ। ਗੁਰਦਿੱਤੇ ਨੇ ਇੱਕੋ ਵਾਰ 'ਚ ਹੀ ਗੱਲ ਮੁਕਾ ਛੱਡੀ।

'ਠੀਕ ਹੈ ਭਰਾਵਾ! ਤੇਰੀ ਮਰਜ਼ੀ! ਲੈ ਨਜ਼ਾਰੇ' ਕਹਿ ਕੇ ਨਵਤੇਜ

ਫਤਹਿ ਬੁਲਾ ਕੇ ਤੁਰਦਾ ਬਣਿਆ।

ਗੁਰਦਿੱਤ ਸਿੰਹੁ ਹੁਣ ਕਥਾ/ਵਖਿਆਣ ਕਰਦਾ। ਹੌਲੀ ਹੌਲੀ ਉਸਦਾ ਸਿੱਕਾ ਚੱਲ ਗਿਆ। ਇਕ ਤਾਂ ਨਿਸ਼ਕਾਮ ਹੋਣ ਕਰਕੇ ਹਰ ਗੁਰਦੁਆਰਾ ਕਮੇਟੀ ਜਾਂ ਸਮਾਗਮ ਕਰਵਾਉਣ ਵਾਲੇ ਇਸਨੂੰ ਸੱਦ ਲੈਂਦੇ ਦੂਜਾ ਇਹ ਗੁਰਬਾਣੀ ਵਖਿਆਣ ਬਹੁਤ ਸੁਹਣਾ ਕਰਦਾ ਸੀ। ਫਿਰ ਹੌਲੀ ਹੌਲੀ ਇਸ ਕੰਮ ਤੋਂ ਵੀ ਮਨ ਉਕਤਾ ਗਿਆ, ਖਾਸ ਤੌਰ 'ਤੇ ਉਦੋਂ ਜਦੋਂ ਨੇੜੇ ਪਿੰਡ ਦੇ ਕਿਸੇ ਮਰੇ ਹੋਏ ਸਾਧ ਦੀ ਬਰਸੀ 'ਤੇ ਸਟੇਜ ਸਕੱਤਰ ਬਾਰ ਬਾਰ ਕਹੀ ਜਾਵੇ ਕਿ ਇਸ ਮਰੇ ਸਾਧ (ਅਖੌਤੀ ਬਾਬਾ ਜੀ) ਦੇ ਜੀਵਨ ਵਿੱਚੋਂ ਸਾਖੀਆਂ ਸੁਣਾਉ ਇੰਝ ਲੱਗੇ ਕਿ ਇਹ ਬਾਬਾ ਜੀ ਹੀ ਸੱਭ ਦੁਖਾਂ ਦੇ ਹਰਨਹਾਰੇ ਸਨ ਅਤੇ ਬਾਰ ਬਾਰ ਸਟੇਜ ਤੋਂ ਇਸ ਮਰੇ ਹੋਏ ਸਾਧ ਨੂੰ ਧੰਨ ਧੰਨ ਬ੍ਰਹਮਗਿਆਨੀ ਜਾਂ ਹੋਰ ਪਤਾ ਨਹੀਂ ਕੀ ਕੀ ਉਪਾਧੀਆਂ ਦੇਈ ਜਾਵੇ। ਗੁਰਦਿੱਤ ਸਿੰਘ ਵੀ ਮਾਇਕ ਫੜ੍ਹ ਕੇ ਸਿੱਧਾ ਹੋ ਗਿਆ, ਅਖੇ! ਸੱਭ ਦੁੱਖਾਂ ਦਾ ਹਰਨਹਾਰਾ ਕੇਵਲ ਇੱਕ ਪ੍ਰਮਾਤਮਾ ਹੈ, ਜਿਸਨੇ ਸੱਭ ਨੂੰ ਪੈਦਾ ਕੀਤਾ ਹੈ, ਇਸ ਮਰਹੂਮ ਸਾਧ ਨੂੰ ਤਾਂ ਮੈਂ ਆਪ ਕਈ ਵਾਰ ਲੜਦੇ ਝਗੜਦੇ ਅਤੇ ਡਾਕਟਰਾਂ ਕੋਲੋਂ ਦਵਾਈਆਂ ਲੈਂਦੇ ਦੇਖਿਆ ਹੈ। ਇਹ ਕਿਸੇ ਦੇ ਕੀ ਦੁੱਖ ਹਰੂ?' ਇਹ ਉਸਦਾ ਕੋਈ ਪਹਿਲਾ ਤਜ਼ੁਰਬਾ ਨਹੀਂ ਸੀ, ਇਸ ਤੋਂ ਪਹਿਲਾਂ ਵੀ ਕਈ ਪ੍ਰਬੰਧਕ ਟੋਕ ਦਿਆ ਕਰਦੇ ਸਨ ਕਿ ਇੱਥੇ ਗੁਰਬਾਣੀ ਵਿੱਚੋਂ ਫਲਾਣੀ ਗੱਲ ਨਹੀਂ ਕਰਨੀ ਜਾਂ ਫਲਾਣੀ ਨਹੀਂ ਕਰਨੀ। ਉਹਨਾਂ ਦਾ ਕਹਿਣਾ ਸੀ ਲੋਕਾਂ ਦੀ ਸ਼ਰਧਾ ਹੈ ਅਤੇ ਆਪਾਂ ਨੂੰ ਚੜ੍ਹਾਵੇ ਨਾਲ ਮਤਲਬ ਹੈ। ਹੋਰ ਆਪਾਂ ਕੀ ਲੈਣਾ ਕਿਸੇ ਤੋਂ? ਨਾਲੇ ਗੁਰਦਿੱਤ ਸਿੰਹਾਂ ਇਹਨਾਂ ਅੰਧ ਭਗਤਾਂ ਨੇ ਕਿਹੜਾ ਤੇਰੇ ਆਖੇ ਲੱਗ ਹੱਟ ਜਾਣਾ ਕਿਸੇ ਗੱਲੋਂ?'

ਇਹ ਕਥਾ ਸਮਾਗਮ ਵੀ ਗੁਰਦਿੱਤ ਸਿੰਘ ਦਾ ਆਖਰੀ ਹੋ ਨਿਬੜਿਆ। ਘਰ ਗਿਆ ਬਾਪੂ ਕਰਤਾਰ ਸਿੰਘ ਨੂੰ ਅਤੇ ਬੇਬੇ ਨੂੰ ਸਾਰੀ ਗੱਲ ਦੱਸੀ। ਬਾਪੂ ਕਹਿਣ ਲੱਗਾ, 'ਪੁੱਤ ਜੋ ਮਨ ਕਰਦਾ ਉਹ ਕਰ! ਨਹੀਂ ਇਹ ਕੰਮ ਪਸੰਦ ਤਾਂ ਨਾ ਕਰ, ਨਾਲੇ ਇਹ ਗੁਰਬਾਣੀ ਗੁਰੂਆਂ ਨੇ ਸਾਡੇ ਪੜ੍ਹਨ, ਸਮਝਣ ਅਤੇ ਜਿਊਣ ਲਈ ਸਾਨੂੰ ਦਿੱਤੀ ਹੈ, ਨਾ ਕਿ ਹੋਰਾਂ ਨੂੰ ਪੜ੍ਹਾਉਣ,

ਸਮਝਾਉਣ ਲਈ। ਇਹ ਤਾਂ ਰੱਬ ਨੇ ਤੇਰੇ ਉੱਤੇ ਕ੍ਰਿਪਾ ਕੀਤੀ ਹੋਈ। ਸੋ! ਗੁਰਦਿੱਤੇ ਨੂੰ ਉਸਦੇ ਬਾਪੂ ਨੇ ਉਹੀ ਗੱਲ ਕਹੀ, ਜਿਸਦਾ ਪਹਿਲੀ ਵਾਰ ਅਨੁਭਵ ਉਸਨੂੰ ਪੈਸੇ ਬਦਲੇ ਕੀਰਤਨ ਕਰਨ ਦੀ ਪ੍ਰਪਾਟੀ ਛੱਡਣ ਵੇਲੇ ਹੋਇਆ ਸੀ। ਹੁਣ ਗੁਰਦਿੱਤ ਪੂਰੀ ਤਰ੍ਹਾਂ ਅਜ਼ਾਦ ਸੀ। ਇਸ ਧਰਮ ਦੇ ਨਾਂ ਤੇ ਅਡੰਬਰ ਕਰਨ ਅਤੇ ਕਰਵਾਉਣ ਵਾਲਿਆਂ ਦੀ ਦੁਨੀਆ ਨੂੰ ਅਲਵਿਦਾ ਕਹਿ ਚੁੱਕਿਆ ਸੀ। ਅਜ਼ਾਦ ਘੁੰਮਦਾ, ਕਿਤਾਬਾਂ ਪੜ੍ਹਦਾ, ਨਿੱਤਨੇਮ ਕਰਦਾ ਅਤੇ ਅਨੰਦ ਲੈਂਦਾ। ਪਰ ਇਸ ਦੁਨੀਆ ਤੇ ਆਇਆ ਸੀ ਤਾਂ ਉਸਦਾ ਕੋਈ ਮਕਸਦ ਵੀ ਸੀ, ਜ਼ਿੰਦਗੀ ਜਿਊਣ ਦਾ ਅਨੰਦ ਲੈਣ ਲਈ ਵੀ ਮਕਸਦ ਜ਼ਰੂਰੀ ਹੈ।

# 2

ਸ਼ਾਮਾਂ ਦਾ ਵੇਲਾ ਏ।

ਠੰਡੀ ਠੰਡੀ ਹਵਾ ਵਗਣੀ ਸ਼ੁਰੂ ਹੋ ਗਈ ਹੈ। ਸ਼ਾਇਦ ਕਿਤੇ ਨੇੜੇ ਤੇੜੇ ਮੀਂਹ ਵਗੈਰਾ ਪਿਆ ਹੋਵੇ।

ਹਲਕੀ ਹਲਕੀ ਬੱਦਲਵਾਈ ਵੀ ਬਣ ਰਹੀ ਹੈ।

ਗੁਰਦਿੱਤ ਘਰ ਦੀ ਛੱਤ 'ਤੇ ਟਹਿਲ ਰਿਹਾ ਹੈ। ਛੱਤ ਉੱਤੇ ਰੱਖੇ ਗ਼ਮਲਿਆਂ ਵਿੱਚ ਲੱਗੇ ਫ਼ੁੱਲਦਾਰ ਬੂਟਿਆਂ ਨੂੰ ਨਿਹਾਰ ਰਿਹਾ ਹੈ।

ਭਵਿੱਖ ਲਈ ਕਈ ਸੋਚਾਂ ਦੀਆਂ ਉਡਾਰੀਆਂ ਲਾਉਂਦਾ ਹੈ, ਮੁੜ ਵਾਪਸ ਵਰਤਮਾਨ ਵਿੱਚ ਆ ਜਾਂਦਾ ਹੈ। ਸੋਚ-ਵਿਚਾਰ ਕਰਦਿਆਂ ਰਾਤ ਗੁਜ਼ਰੀ ਤਾਂ ਸਵੇਰੇ ਇੱਕ ਕੰਪਿਊਟਰ ਵਾਲੀ ਦੁਕਾਨ ਤੋਂ ਕਿਸੇ ਪ੍ਰਾਈਵੇਟ ਨੌਕਰੀ ਲਈ ਅਪਲਾਈ ਕਰਨ ਹਿੱਤ ਆਪਣਾ ਬਾਇਓ-ਡਾਟਾ ਬਣਵਾ ਕੇ, ਸ਼ਹਿਰ ਵਿੱਚ ਦੋ-ਚਾਰ ਥਾਵਾਂ 'ਤੇ ਜਾ ਕੇ ਦੇ ਆਇਆ। ਦੱਸਵੀਂ ਪਾਸ ਸੀ, ਤਜ਼ੁਰਬਾ ਕੋਈ ਹੈ ਨਹੀਂ ਸੀ ਪਾਠ ਕਰਨ ਤੋਂ ਬਿਨ੍ਹਾਂ ਅਤੇ ਕੰਪਿਊਟਰ ਦੀ ਸ਼ਕਲ ਉਂਝ ਕਦੇ ਨਹੀਂ ਸੀ ਦੇਖੀ ਉਹਨੇ।

ਜ਼ਮਾਨਾ ਬਦਲ ਰਿਹਾ ਸੀ, ਕੰਪਿਊਟਰ ਹਰ ਕੰਮ ਕਾਜ/ ਕਾਰੋਬਾਰ ਵਿੱਚ ਇੱਕ ਮੁੱਢਲੀ ਜ਼ਰੂਰਤ ਬਣਦਾ ਜਾ ਰਿਹਾ ਸੀ। ਸੁੱਖ ਨਾਲ ਗੁਰਦਿੱਤ ਦਾ ਅੰਗ੍ਰੇਜ਼ੀ ਬੋਲਣ-ਲਿਖਣ-ਸਮਝਣ ਵਿੱਚ ਵੀ ਹੱਥ ਤੰਗ ਹੀ ਸੀ।

ਆਖ਼ਰਕਰ ਥੱਕ ਹਾਰ ਕੇ, ਪਹਿਲਾਂ ਪ੍ਰਾਈਵੇਟ ਤੌਰ 'ਤੇ ਬਾਰਵ੍ਹੀਂ ਜਮਾਤ ਪਾਸ ਕਰਨ ਦਾ ਫ਼ੈਸਲਾ ਕੀਤਾ। ਨੇੜੇ ਦੇ ਸਕੂਲ ਗਿਆ, ਫ਼ਾਰਮ ਵਗੈਰਾ ਤਸਦੀਕ ਕਰਵਾ ਕੇ, ਪੰਜਾਬ ਸਕੂਲ ਸਿੱਖਿਆ ਬੋਰਡ ਦੇ ਖੇਤਰੀ ਦਫ਼ਤਰ ਵਿੱਚ ਜਮ੍ਹਾਂ ਕਰਵਾ ਆਇਆ ਅਤੇ ਅੰਗ੍ਰੇਜ਼ੀ ਸਮੇਤ ਬਾਕੀਆਂ ਵਿਸ਼ਿਆਂ ਦੀ ਟਿਊਸ਼ਨ ਰੱਖ ਲਈ। ਮਾਰਚ ਦੇ ਇਮਤਿਹਾਨਾਂ ਵਿੱਚ ਅਜੇ ਕੋਈ ਛੇ ਕੁ ਮਹੀਨੇ ਰਹਿੰਦੇ ਸੀ। ਸੋ ਵਾਹਵਾ ਧਿਆਨ ਪੜ੍ਹਾਈ 'ਤੇ ਦਿੱਤਾ ਅਤੇ ਇੱਕ ਥਾਈਂ ਇੱਕ ਫੈਕਟਰੀ ਵਿੱਚ ਪਾਰਟ

ਟਾਈਮ ਸਹਾਇਕ (ਹੈਲਪਰ) ਦੀ ਨੌਕਰੀ ਵੀ ਮਿਲ ਗਈ।

ਹੁਣ ਦੱਸਵੀਂ ਤੋਂ ਲਗਭਗ ਪੰਜ ਸਾਲ ਬਾਅਦ ਪੜ੍ਹਾਈ ਨੂੰ ਹੱਥ ਪਾਇਆ ਸੀ, ਔਖੀ ਲੱਗਣੀ ਤਾਂ ਸੁਭਾਵਿਕ ਸੀ। ਨਾਲੇ ਪਹਿਲਾਂ ਘਰਦੇ ਜ਼ੋਰ ਲਾਉਂਦੇ ਸਨ, ਪੁੱਤ ਪੜ੍ਹ ਲੈ ਅਤੇ ਹੁਣ ਪੜ੍ਹਾਈ ਜ਼ੋਰ ਦੀ ਥਾਂ ਲੋੜ ਬਣ ਗਈ ਸੀ। ਪਰ ਇਸਦੇ ਬਾਵਜੂਦ ਧਾਰਮਿਕ ਵਿੱਦਿਆ ਅਤੇ ਧਾਰਮਿਕ ਮਾਹੌਲ ਦਾ ਉਸਦੇ ਸਿਰ ਤੇ ਪ੍ਰਭਾਵ ਬਣਿਆ ਹੀ ਰਿਹਾ। ਭਾਵੇਂ ਹੁਣ ਉਹ ਦੁਨੀਆਵੀ ਚੱਕਰਵਿਊ ਵਿੱਚ ਕੁੱਦ ਪਿਆ ਸੀ ਪਰ ਜਿੱਥੇ ਕਿਤੇ ਜਾਂਦਾ ਉੱਥੇ ਗੁਰਬਾਣੀ/ਇਤਿਹਾਸ ਸਬੰਧੀ ਕੋਈ ਨਾ ਕੋਈ ਗੱਲ ਹਰ ਕਿਸੇ ਨਾਲ ਸਾਂਝੀ ਜ਼ਰੂਰ ਕਰਦਾ। ਇਸ ਤਰ੍ਹਾਂ ਕਰਨ ਨਾਲ ਉਸਨੂੰ ਇਕ ਅਜੀਬ ਜਿਹਾ ਸਕੂਨ ਮਿਲਦਾ ਪ੍ਰਤੀਤ ਹੁੰਦਾ।

ਉਹਨੂੰ ਲੱਗਦਾ ਕਿ ਇਹ ਤਰੀਕਾ ਸਹੀ ਹੈ। ਮਾਡਰਨ ਰਹਿੰਦੇ ਹੋਏ, ਲੋਕਾਂ ਨੂੰ ਦੱਸਿਆ ਜਾਵੇ ਕਿ ਮਾਡਰਨ ਹੋਵੋ ਪਰ ਅੰਦਰੋਂ ਧਰਮੀ ਵੀ ਹੋਵੋ। ਇਕ ਵਾਰ ਗੁਰਦਿੱਤ ਨੇ ਆਪਣੀ ਟਿਊਸ਼ਨ ਵਾਲੀ ਕਾਪੀ ਨੇ ਪਿੱਛੇ ਇੱਕ ਸਤਰ, **'ਧਰਮ ਵਿਖਾਉਣ ਵਾਲੀ ਨਹੀਂ, ਕਮਾਉਣ ਵਾਲੀ ਚੀਜ਼ ਹੈ'** ਲਿਖੀ। ਜਿਸ ਤੇ ਟਿਊਸ਼ਨ ਵਾਲੀ ਅਧਿਆਪਕਾ ਦੀ ਨਜ਼ਰ ਪਈ। ਉਹ ਪੁੱਛਣ ਲੱਗੀ, 'ਗੂਰੀ! ਇਹ ਕਿਸਦੀ ਲਾਈਨ ਲਿਖੀ ਹੈ, ਕਿਸ ਵਿਦਵਾਨ ਜਾਂ ਲੇਖਕ ਦੀ ਇਹ ਰਚਨਾ ਹੈ, ਇੱਕ ਲਾਈਨ ਵਿੱਚ ਹੀ ਬੜੀ ਪਾਏਦਾਰ ਗੱਲ ਕੀਤੀ ਹੈ, ਕਿਥੋਂ ਵੇਖ ਕੇ ਲਿਖੀ?

ਗੂਰੀ ਨੇ ਜੁਆਬ ਦਿੱਤਾ, 'ਮੈਡਮ ਜੀ! ਇਹ ਤਾਂ ਮੇਰੇ ਜ਼ਹਿਨ ਵਿੱਚ ਆਈ ਤਾਂ ਮੈਂ ਕਾਪੀ ਉੱਤੇ ਨੋਟ ਕਰ ਲਈ।'

ਮੈਡਮ ਨੇ ਪੁੱਛਿਆ, 'ਕੁੱਝ ਹੋਰ ਵੀ ਲਿਖੀਆਂ ਨੇ?'

ਗੁਰਦਿੱਤ ਨੇ ਨਾਂਹ ਵਿੱਚ ਜੁਆਬ ਦਿੱਤਾ।

ਮੈਡਮ ਨੇ ਕਿਹਾ, 'ਜੇ ਤੂੰ ਇਹ ਲਿਖੀ ਹੈ ਤਾਂ ਤੂੰ ਹੋਰ ਵੀ ਬਹੁਤ ਕੁੱਝ ਵਧੀਆ ਅਤੇ ਸਿੱਖਿਆਦਾਇਕ ਲਿਖ ਸਕਦਾ ਹੈਂ। ਜ਼ਰੂਰ ਲਿਖਿਆ ਕਰ।'

ਗੁਰਦਿੱਤਾ ਨੇ ਹਾਂਜੀ ਮੈਡਮ ਜੀ ਜ਼ਰੂਰ ਕਹਿੰਦੇ ਹੋਏ ਆਪਣਾ ਸਿਰ ਹਿਲਾਇਆ। ਪਰ ਗੁਰਦਿੱਤ ਵਾਸਤੇ ਇਹ ਕੋਈ ਨਵੀਂ, ਵੱਖਰੀ ਜਾਂ ਵੱਡੀ ਗੱਲ ਨਹੀਂ ਸੀ।

ਪਰ ਮੈਡਮ ਨੇ ਹਰ ਰੋਜ਼ ਪੁੱਛਣਾ, 'ਗੁਰਦਿੱਤ! ਲਿਖਿਆ ਅੱਜ ਕੁੱਝ?'

ਤਾਂ ਗੁਰਦਿੱਤ ਟਾਲ ਮਟੋਲ ਕਰ ਦਿੰਦਾ।

ਫਿਰ ਮੈਡਮ ਨੇ ਵੀ ਪੁੱਛਣਾ ਛੱਡ ਦਿੱਤਾ, ਫਿਰ ਇੱਕ ਦਿਨ ਗੁਰਦਿੱਤ ਨੇ ਪੰਜ ਛੇ ਨਵੇਂ ਵਿਚਾਰ ਲਿਖ ਕੇ ਮੈਡਮ ਨੂੰ ਦਿੱਤੇ।

ਮੈਡਮ ਬਹੁਤ ਪ੍ਰਸੰਨ ਹੋਈ ਅਤੇ ਕਹਿਣ ਲੱਗੀ, ਬਾਰਵੀਂ 'ਚ ਪੜ੍ਹਨ ਵਾਲਾ ਐਨਾ ਵਧੀਆ ਕਿਵੇਂ ਲਿਖ ਸਕਦਾ ਹੈ? ਖੈਰ! ਤੂੰ ਰੁਕੀ ਨਾਂਹ। ਕੁੱਝ ਨਾ ਕੁੱਝ ਲਿਖਦਾ ਰਿਹਾ ਕਰ। ਤੂੰ ਲਿਖ ਸਕਦਾ ਹੈ, ਤੇਰੇ ਅੰਦਰ ਇਹ ਪ੍ਰਤਿਭਾ ਲੁਕੀ ਹੋਈ ਹੈ, ਇਸ ਨੂੰ ਹੋਰ ਨਿਖਾਰੇਂਗਾ ਤਾਂ ਇਸ ਵਿੱਚ ਬਹੁਤ ਚਮਕ ਆਵੇਗੀ ਅਤੇ ਇਸਦੀ ਚਮਕ ਨਾਲ ਤੂੰ ਵੀ ਇੱਕ ਦਿਨ ਬਹੁਤ ਚਮਕੇਂਗਾ।'

ਮੈਡਮ ਵੱਲੋਂ ਇਹ ਹੱਲਾਸ਼ੇਰੀ ਨੇ ਉਸਨੂੰ ਵਾਹਵਾ ਉਤਸ਼ਾਹਿਤ ਕੀਤਾ, ਪਰ ਹੁਣ ਇਮਤਿਹਾਨ ਨੇੜੇ ਆ ਚੁੱਕੇ ਸਨ। ਇਸ ਲਈ ਸਾਰਾ ਧਿਆਨ ਪੜ੍ਹਾਈ ਵੱਲ ਦੇਣਾ ਪਿਆ। ਇਮਤਿਹਾਨ ਹੋਏ, ਨਤੀਜਾ ਆਇਆ ਤਾਂ ਗੁਰਦਿੱਤਾ 70ਫੀਸਦੀ ਅੰਕ ਪ੍ਰਾਪਤ ਕਰ ਗਿਆ।

ਉਹ ਆਪ ਵੀ ਹੈਰਾਨ ਸੀ, ਉਸਦਾ ਪਰਿਵਾਰ ਵੀ, ਜੇ ਕੋਈ ਹੈਰਾਨ ਨਾ ਹੋ ਕੇ ਸਿਰਫ ਪ੍ਰਸੰਨ ਸੀ ਤਾਂ ਉਹ ਸੀ ਗੁਰਦਿੱਤ ਦੀ ਟਿਊਸ਼ਨ ਵਾਲੀ ਅਧਿਆਪਕਾ।

ਗੁਰਦਿੱਤ ਮੈਡਮ ਦਾ ਮੂੰਹ ਮਿੱਠਾ ਕਰਵਾਉਣ ਲਈ ਉਹਨਾਂ ਦੇ ਘਰ ਗਿਆ ਤਾਂ ਮੈਡਮ ਨੇ ਬਹੁਤ ਪ੍ਰਸੰਨਤਾ ਜ਼ਾਹਰ ਕਰਦੇ ਹੋਏ, ਆਪਣੇ ਘਰਵਾਲੇ ਨੂੰ ਗੁਰਦਿੱਤ ਦੇ ਪੰਜ ਸਾਲ ਦੇ ਗੈਪ (ਵਕਫੇ) ਤੋਂ ਬਾਅਦ ਸ਼ੁਰੂ ਕੀਤੀ ਗਈ ਪੜ੍ਹਾਈ, ਛੇ ਮਹੀਨਿਆਂ ਦੀ ਤਿਆਰੀ ਨਾਲ 70ਫੀਸਦੀ ਅੰਕ ਪ੍ਰਾਪਤ ਕਰਨੇ ਅਤੇ ਉਸਦੀ ਲਿਖੀਆਂ ਜਾਣ ਵਾਲੀਆਂ ਲਿਖਤਾਂ ਬਾਰੇ ਚਰਚਾ ਕੀਤਾ। ਦੋਹਾਂ ਮੀਆਂ-ਬੀਬੀ ਨੇ ਗੁਰਦਿੱਤ ਨੂੰ ਸ਼ਾਬਾਸ਼ ਦਿੱਤੀ, ਵਧਾਈ ਦਿੱਤੀ ਅਤੇ ਅਧਿਆਪਕਾ ਨੇ ਕਿਹਾ, 'ਬੇਟੇ! ਹੁਣ ਪੜ੍ਹਾਈ ਨਾ ਛੱਡਣਾ। ਮੈਨੂੰ ਪਤਾ ਹੈ ਤੂੰ ਨੌਕਰੀ ਵੀ ਕਰਦਾ ਹੈਂ। ਇਸ ਲਈ ਬਾਰਵੀਂ ਜਮਾਤ ਵਾਂਗ ਬੀ.ਏ ਵੀ ਪ੍ਰਾਈਵੇਟ ਹੋ ਜਾਂਦੀ ਹੈ। ਦਾਖ਼ਲਾ ਜ਼ਰੂਰ ਭਰ ਦੇਵੀਂ।'

ਗੁਰਦਿੱਤ ਨੇ ਹਾਂ ਵਿੱਚ ਸਿਰ ਹਿਲਾਇਆ 'ਤੇ ਘਰ ਨੂੰ ਤੁਰਦਾ ਬਣਿਆ। ਜਿਸ ਫੈਕਟਰੀ ਵਿੱਚ ਪਾਰਟ ਟਾਈਮ ਹੈਲਪਰ ਦੀ ਨੌਕਰੀ ਕਰਦਾ ਸੀ, ਉਹਨਾਂ ਨੂੰ ਪਤਾ ਲੱਗਾ ਕਿ ਗੁਰਦਿੱਤ ਦੀ ਬਾਰਵੀਂ ਪਾਸ ਹੋ ਗਈ ਹੈ ਤਾਂ ਉਹਨਾਂ ਉਸਨੂੰ ਫੁੱਲ ਟਾਈਮ ਨੌਕਰੀ ਦੀ ਪੇਸ਼ਕਸ਼ ਕੀਤੀ। ਜਿਸ ਨਾਲ ਤਨਖਾਹ ਵੀ ਦੋਗੁਣੀ ਕਰ ਦਿੱਤੀ ਅਤੇ ਹੋਰ ਕਈ ਭੱਤੇ ਵੀ ਸ਼ਾਮਲ ਕਰ ਦਿੱਤੇ।

ਗੁਰਦਿੱਤ ਹੁਣ ਜਾਂ ਤਾਂ ਪੜ੍ਹਾਈ ਜਾਰੀ ਰੱਖਦਾ ਜਾਂ ਫਿਰ ਚੰਗੀ ਤਨਖਾਹ 'ਤੇ ਇੱਕ ਚੰਗੀ ਨੌਕਰੀ। ਖ਼ੈਰ! ਸੋਚ ਵਿਚਾਰ ਕੇ ਫੈਸਲਾ ਲਿਆ ਕਿ, ਪੜ੍ਹਾਈ ਕੀ ਕਰਨੀ ਆ? ਬਾਅਦ ਵਿੱਚ ਵੀ ਨੌਕਰੀ ਹੀ ਲੱਭਣੀ ਆ! ਹੁਣ ਤਾਂ ਚੰਗੀ ਨੌਕਰੀ

ਮਿਲਦੀ ਪਈ ਆ, ਤਨਖਾਹ ਵੀ ਸੁਹਣੀ ਆ, ਕੰਮ ਵੀ ਮੈਨੂੰ ਚੰਗੀ ਤਰ੍ਹਾਂ ਆਉਂਦਾ, ਸਟਾਫ ਵੀ ਮਿਲਾਪੜਾ ਹੈ, ਫੈਕਟਰੀ ਮਾਲਕ ਵੀ ਮਿਲਣਸਾਰ ਹੈ ਅਤੇ ਮੁੱਕਦੀ ਗੱਲ ਹੁਣ ਹੈਲਪਰ ਨਹੀਂ ਰਹਿਣਾ, ਸਗੋਂ ਸੁਪਰਵਾਈਜ਼ਰ ਬਣ ਕੇ, ਕੰਮ ਕਰਨਾ ਹੈ, ਔਹੁਦਾ ਵੀ ਵੱਡਾ ਹੋ ਗਿਐ।

ਸੋ ! ਫਾਈਨਲੀ ਨੌਕਰੀ ਨੂੰ ਹਾਂ ਕਰ ਦਿੱਤੀ। ਗੁਰਦਿੱਤ ਸਮੇਂ ਦੀ ਪ੍ਰਵਾਹ ਨਾ ਕਰਦਾ। ਪੂਰੀ ਸਮਰਪਣ ਭਾਵਨਾ ਨਾਲ ਕੰਮ 'ਤੇ ਜਾਂਦਾ। ਸਵੇਰੇ ਸਮੇਂ ਸਿਰ ਪੁੱਜਦਾ। ਸ਼ਾਮਾਂ ਪਈਆਂ ਤਾਂ ਘੜੀ ਦੋ ਘੜੀ ਦੇਰ ਵੀ ਹੋ ਜਾਂਦੀ ਤਾਂ ਕਾਹਲਾ ਨਾ ਪੈਂਦਾ, ਸਗੋਂ ਸਾਰਿਆਂ ਕੋਲੋਂ ਕੰਮ ਪੂਰਾ ਕਰਵਾਉਂਦਾ, ਕੋਈ ਕੰਮ ਆਉਣ ਵਾਲੇ ਕੱਲ੍ਹ 'ਤੇ ਨਾ ਪੈਣ ਦਿੰਦਾ। ਫ਼ਰਮ ਮਾਲਕ ਇਕ ਤਰ੍ਹਾਂ ਤਾਂ ਫ਼ਰਮ ਦੇ ਕੰਮ ਕਾਰ ਤੋਂ ਪੂਰੀ ਤਰ੍ਹਾਂ ਚਿੰਤਾ ਮੁਕਤ ਜਿਹੇ ਹੋ ਗਏ ਸਨ। ਉਹਨਾਂ ਨੂੰ ਵੀ ਪਤਾ ਸੀ ਕਿ ਮੁੰਡਾ ਚੰਗੇ ਪਰਿਵਾਰਕ ਪਿਛੋਕੜ ਵਾਲਾ ਹੈ, ਮਿਹਨਤੀ ਹੈ, ਸਿਆਣਾ ਹੈ ਅਤੇ ਵੱਡੀ ਗੱਲ ਇਮਾਨਦਾਰ ਬਹੁਤ ਹੈ।

ਇੱਕ ਦਿਨ ਫੈਕਟਰੀ ਮਾਲਕ ਹਰਭਜਨ ਸਿੰਘ ਦੀ ਦਫ਼ਤਰ ਵਿੱਚ ਅਚਾਨਕ ਤਬੀਅਤ ਵਿਗੜ ਗਈ। ਤੁਰੰਤ ਗੁਰਦਿੱਤ ਨੇ ਮੁੱਢਲੀ ਡਾਕਟਰੀ ਸਹਾਇਤਾ ਦਿੱਤੀ ਅਤੇ ਐਂਬੁਲੰਸ ਨੂੰ ਫੋਨ ਕਰਕੇ ਹਸਪਤਾਲ ਦਾਖ਼ਲ ਕਰਵਾਇਆ। ਡਾਕਟਰ ਨੇ ਬੜੀ ਖੁਸ਼ੀ ਨਾਲ ਦੱਸਿਆ ਕਿ, ਮੌਕੇ 'ਤੇ ਮਿਲੀ ਮੁੱਢਲੀ ਸਹਾਇਤਾ ਕਰਕੇ ਹੀ ਜਾਨ ਬੱਚ ਸਕੀ ਹੈ। ਹਰਭਜਨ ਸਿੰਘ ਦੀ ਬੇਟੀ ਪਵਨਦੀਪ, ਨਿੱਜੀ ਤੌਰ 'ਤੇ ਧੰਨਵਾਦ ਕਰਨ ਲਈ ਅੱਜ ਪਹਿਲੀ ਵਾਰ ਆਪਣੇ ਪਾਪਾ ਦੀ ਫੈਕਟਰੀ ਗਈ ਅਤੇ ਗੁਰਦਿੱਤ ਨੂੰ ਮਿਲ ਕੇ ਆਈ। ਗੁਰਦਿੱਤ ਦੀ ਸਾਦਗੀ, ਖ਼ੁਸ਼-ਮਿਜਾਜ਼ੀ ਉਹਦੇ ਦਿਲ ਨੂੰ ਭਾਅ ਗਈ।

ਫੈਕਟਰੀ ਮਾਲਕ ਹਰਭਜਨ ਸਿੰਘ ਦਾ ਇੱਕ ਬੇਟਾ ਗੁਰਪ੍ਰੀਤ ਸਿੰਘ ਅਤੇ ਇੱਕ ਬੇਟੀ ਪਵਨਦੀਪ ਕੌਰ ਸੀ। ਬੇਟਾ ਵਿਆਇਆ ਹੋਇਆ ਸੀ। ਹੁਣ ਅਕਸਰ ਆਨੇ-ਬਹਾਨੇ ਪਵਨ ਆਪਣੇ ਪਾਪਾ ਨਾਲ ਫੈਕਟਰੀ ਗੇੜੇ ਮਾਰਦੀ ਰਹਿੰਦੀ। ਗੁਰਦਿੱਤ ਇਹਨਾਂ ਸੱਭ ਗੱਲਾਂ ਤੋਂ ਬੇਖ਼ਬਰ ਆਪਣੇ ਕੰਮ ਵਿੱਚ ਮਗਨ ਰਹਿੰਦਾ। ਅਕਸਰ ਉਹ ਫੈਕਟਰੀ ਵਿੱਚ ਆ ਕੇ ਗੁਰਦਿੱਤ ਬਾਰੇ ਜ਼ਰੂਰ ਪੁੱਛਦੀ ਅਤੇ ਜਾਣਦੀ। ਇਸ ਗੱਲ ਦੀ ਚਰਚਾ ਹੁਣ ਹਰਭਜਨ ਸਿੰਘ ਦੇ ਘਰ ਵਿੱਚ ਵੀ ਹੋਣ ਲੱਗ ਪਈ। ਹਰਭਜਨ ਸਿੰਘ ਦੇ ਆਪਣੀ ਘਰਵਾਲੀ ਨਾਲ ਗੱਲ ਕੀਤੀ ਤਾਂ ਘਰਵਾਲੀ ਬਚਿੰਤ ਕੌਰ ਨੇ ਗੁਰਦਿੱਤ ਬਾਰੇ ਪੁੱਛਿਆ ਤਾਂ ਹਰਭਜਨ ਸਿੰਘ ਨੇ ਜੁਆਬ ਦਿੱਤਾ, 'ਖ਼ਾਨਦਾਨ ਤਾਂ ਮੁੰਡੇ ਦਾ ਵਧੀਆ ਹੈ, ਬਾਪੂ ਪੰਦਰਾਂ-ਵੀਹ ਸਾਲ

ਪਹਿਲਾਂ ਆਪਣੇ ਪਿੰਡ ਦਾ ਸਰਪੰਚ ਵੀ ਰਹਿ ਚੁੱਕਿਆ ਹੈ। ਮੁੰਡੇ ਦੀ ਉਮਰ ਕੋਈ ਤੇਈ-ਚੌਵੀ ਸਾਲ ਹੈ। ਬਾਰਵੀਂ ਹਾਲ ਵਿੱਚ ਹੀ ਪਾਸ ਕੀਤੀ ਹੈ। ਸੁਭਾਅ ਬਹੁਤ ਵਧੀਆ ਹੈ। ਨਸ਼ਾ ਪੱਤਾ ਕੋਈ ਨਹੀਂ ਕਰਦਾ ਅਤੇ ਨਾ ਹੀ ਕੋਈ ਹੋਰ ਐਬ ਹੈ। ਭੈਣ ਦਾ ਕੁੱਝ ਦੇਰ ਪਹਿਲਾਂ ਵਿਆਹ ਕੀਤਾ ਹੈ। ਇੱਕ ਇਸ ਤੋਂ ਛੋਟਾ ਭਰਾ ਹੈ, ਜੋ ਗ੍ਰੈਜੁਏਟ ਹੈ ਅਤੇ ਆਪਣੇ ਪਿਓ ਨਾਲ ਹੀ ਕਾਰੋਬਾਰ ਵਿੱਚ ਹੱਥ ਵਟਾਉਂਦਾ ਹੈ। ਇਹ ਥੋੜ੍ਹੇ ਵੱਖਰੇ ਸੁਭਾਅ ਦਾ ਹੈ, ਮਨ ਦਾ ਮੌਜ਼ੀ ਹੈ, ਪਰ ਸਿਆਣਾ ਅਤੇ ਤਜ਼ੁਰਬੇਕਾਰ ਬਹੁਤ ਹੈ ਤਾਂ ਹੀ ਤਾਂ ਇਸਨੂੰ ਫੈਕਟਰੀ ਵਿੱਚ ਸੱਭ ਤੋਂ ਵੱਧ ਤਨਖਾਹ ਉੱਤੇ ਰੱਖਿਆ ਹੈ। ਭਵਿੱਖ ਵਿੱਚ ਮੁੰਡਾ ਆਪਣੀ ਫੈਕਟਰੀ ਨੂੰ ਅਸਮਾਨ ਦੀਆਂ ਬੁਲੰਦੀਆਂ 'ਤੇ ਲਿਜਾ ਸਕਦਾ ਹੈ ਜੇਕਰ ਇਸ ਨੂੰ ਪੱਕੇ ਤੌਰੇ 'ਤੇ ਜ਼ਿੰਮੇਵਾਰੀ ਦੇ ਦਿੱਤੀ ਜਾਵੇ। ਮੈਨੂੰ ਮੁੰਡਾ ਪਸੰਦ ਹੈ ਅਤੇ ਪਵਨ ਦੇ ਹਾਵ-ਭਾਵ ਵੀ ਵੇਖਿਆਂ ਪਤਾ ਚੱਲਦੇ ਹਨ। ਨਾਲੇ ਧੀ ਵਿਆਹੁਣੀ ਤਾਂ ਹੈ ਹੀ ਇੱਕ ਦਿਨ। ਪਰ ...''

'ਪਰ ਕੀ?' ਬਚਿੰਤ ਨੇ ਹੈਰਾਨੀ ਨਾਲ ਪੁੱਛਿਆ?

'ਮੈਨੂੰ ਲੱਗਦਾ ਨਹੀਂ ਇਹ ਮੁੰਡਾ ਆਪਣੀ ਪਵਨ ਨੂੰ ਹਾਂ ਕਰੇਗਾ ਨਾਲੇ ਇਸ ਤੋਂ ਵੀ ਪਹਿਲਾਂ ਪਵਨ ਕੋਲੋਂ ਵੀ ਗੱਲ ਸਾਫ ਕਰਵਾ ਲਈਏ, ਬੱਚੇ ਸਿਆਣੇ ਨੇ ਅੱਜ ਕਲ੍ਹ। ਤੂੰ ਪੁੱਛ ਕੇ ਦੇਖੀਂ, ਕੀ ਹੈ ਇਹਦੇ ਦਿਲ ਵਿੱਚ? ਫਿਰ ਹੀ ਕੋਈ ਅਗਲੀ ਗੱਲ ਸੋਚਣ ਦਾ ਫਾਇਦਾ, ਸ਼ੇਖ ਚਿੱਲੀ ਬਣ ਕੇ ਤਾਂ ਨੁਕਸਾਨ ਹੀ ਹੁੰਦੈ...।' ਗੱਲ ਖ਼ਤਮ ਕਰਦਿਆਂ, ਹਰਭਜਨ ਸਿੰਹੁ ਨੇ ਕਿਹਾ।

'ਠੀਕ ਹੈ, ਜੇ ਤੁਹਾਨੂੰ ਉਸ ਮੁੰਡੇ 'ਤੇ ਇੰਨਾ ਵਿਸ਼ਵਾਸ ਹੈ ਤਾਂ ਮੈਨੂੰ ਵੀ ਕੋਈ ਇਤਰਾਜ਼ ਨਹੀਂ ਹੈ। ਤੁਹਾਡਾ ਫੈਸਲਾ ਕਦੇ ਵੀ ਗ਼ਲਤ ਨਹੀਂ ਹੋਇਆ ਸਰਦਾਰ ਜੀ! ਤੁਸੀਂ ਜੋ ਸੋਚਿਆ ਠੀਕ ਹੀ ਸੋਚਿਆ ਹੋਊ, ਪਰ ਇਹ ਗੱਲ ਸਹੀ ਹੈ ਕਿ ਪਹਿਲਾਂ ਆਪਣੇ ਬੱਚਿਆਂ ਨੂੰ ਪੁੱਛੀਏ, ਦੂਜੇ ਘਰ ਗੱਲ ਬਾਅਦ ਵਿੱਚ ਕਰਾਂਗੇ।' ਬਚਿੰਤ ਕੌਰ ਬੋਲੀ।

ਹਫ਼ਤੇ ਦਸਾਂ ਦਿਨਾਂ ਵਿੱਚ ਪਵਨ ਦਾ ਭੇਦ ਵੀ ਬਚਿੰਤ ਕੌਰ ਨੇ ਬੁੱਝ ਲਿਆ, ਪਰ ਪਵਨ ਨੇ ਦੱਸਿਆ, 'ਮੰਮਾ, ਉਹਦਾ ਤਾਂ ਧਿਆਨ ਹੀ ਨਹੀਂ ਮੇਰੇ ਵੱਲ! ਮੈਂ ਕਈ ਵਾਰ ਫੈਕਟਰੀ ਜਾਂਦੀ ਹੈ। ਗੱਲਾਂ ਵੀ ਕਰਦਾ ਹੈ। ਕੰਮ ਬਾਰੇ ਵੀ, ਮੇਰੀ ਪੜ੍ਹਾਈ ਬਾਰੇ ਵੀ ਪੁੱਛ ਲੈਂਦਾ ਹੈ, ਹੋਰ ਵੀ ਬੜੀਆਂ ਸਿਆਣੀਆਂ ਗੱਲਾਂ ਕਰਦਾ ਹੈ, ਤੁਹਾਡੇ ਬਾਰੇ, ਵੀਰ ਜੀ-ਭਾਬੀ ਜੀ ਬਾਰੇ ਸੱਭ ਪੁੱਛਦਾ ਹੈ, ਪਰ ਠੀਕ ਉਸੇ ਤਰ੍ਹਾਂ ਜਿਵੇਂ ਕੋਈ ਜਾਣ-ਪਹਿਚਾਣ ਵਾਲਾ ਪੁੱਛਦਾ ਹੈ। ਉਸ ਵਿੱਚ ਅਪਨਾਪਣ ਨਜ਼ਰ ਨਹੀਂ ਆਉਂਦਾ, ਨਾ ਉਹ ਨੇੜੇ ਹੋਣ ਦੀ ਕੋਸ਼ਿਸ਼ ਕਰਦਾ ਹੈ।

ਪਤਾ ਨਹੀਂ ਕੀ ਗੱਲ ਹੈ, ਕਿਤੇ ਉਹਦੀ ਜ਼ਿੰਦਗੀ ਵਿੱਚ ਪਹਿਲਾਂ ਹੀ ਕੋਈ ਕੁੜੀ ਨਾ ਹੋਵੇ? ਇਸ ਗੱਲ ਦਾ ਡਰ ਮੈਨੂੰ ਬਹੁਤ ਸਤਾਉਂਦਾ ਹੈ ਮੌਮ!'

'ਮੇਰਾ ਪਵਨ ਪੁੱਤ ਡਰਦਾ ਵੀ ਹੈ, ਨਾ ਪੁੱਤ ਚਿੰਤਾ ਨਾ ਕਰ। ਮੈਂ ਤੇਰੇ ਪਾਪਾ ਨਾਲ ਗੱਲ ਕਰਾਂਗੀ। ਉਹ ਆਪੇ ਕੋਈ ਰਸਤਾ ਕੱਢ ਦੇਣਗੇ। ਇਹ ਮੁੰਡਾ ਉਹਨਾਂ ਨੂੰ ਵੀ ਪਸੰਦ ਹੈ। ਤੂੰ ਫ਼ਿਕਰ ਨਾ ਕਰਿਆ ਕਰ ਮੇਰਾ ਪੁੱਤ। ਕੋਈ ਨਾ ਅੱਜ ਰਾਤੀਂ ਕਰਾਂਗੀ ਤੇਰੇ ਪਾਪਾ ਨਾਲ ਗੱਲ।' ਬਚਿੰਤ ਕੌਰ ਨੇ ਬੜੇ ਮਾਣ ਨਾਲ ਆਖਿਆ, ਪਰ ਪਵਨ ਦੀ ਗੱਲ ਦਾ ਡਰ ਹੁਣ ਉਸਨੂੰ ਵੀ ਸਤਾਉਣ ਲੱਗ ਪਿਆ ਸੀ ਕਿ ਖੌਰੇ ਕਿੱਧਰ ਦੀ ਸੋਚੀ ਗੱਲ ਕਿੱਧਰ ਨੂੰ ਤੁਰ ਪਏ।

# 3

ਜੂਨ-ਜੁਲਾਈ ਦਾ ਮਹੀਨਾ।

ਸਾਉਣ ਦਾ ਮੀਂਹ।

ਗਰਜਦੇ ਬੱਦਲ ਅਤੇ ਕਾਲੀਆਂ ਘਟਾਵਾਂ।

ਕਿ ਹਮੇਸ਼ਾਂ ਦੀ ਤਰ੍ਹਾਂ ਬੱਤੀ ਗੁੱਲ। ਗੁਰਦਿੱਤ ਨੇ ਫਟਾਫਟ ਆਪਣੇ ਸਾਥੀ ਨਿਰੰਜਣ ਨੂੰ ਜਰਨੇਟਰ ਚਲਾਉਣ ਦਾ ਹੁਕਮ ਕੀਤਾ। ਜਰਨੇਟਰ ਚੱਲਿਆ ਫੈਕਟਰੀ ਦਾ ਕੰਮ ਮੁੜ ਸ਼ੁਰੂ ਹੋ ਗਿਆ। ਨਿਰੰਜਣ ਨੇ ਆ ਕੇ ਦੱਸਿਆ, 'ਗੁਰਦਿੱਤ ਭਾਜੀ! ਜਰਨੇਟਰ ਆਪਣਾ ਬੁੱਢਾ ਹੋ ਗਿਐ ਹੁਣ ਜਾਂ ਤਾਂ ਕਿਸੇ ਚੰਗੇ ਮਕੈਨਿਕ ਕੋਲੋਂ ਇਸਦੀ ਮੁਰੰਮਤ ਕਰਵਾਈ ਜਾਵੇ ਜਾਂ ਫਿਰ ਨਵਾਂ ਹੀ ਲੈ ਲਿਆ ਜਾਵੇ, ਤੁਸਾਂ ਸਰਦਾਰ ਸਾਹਬ ਨਾਲ ਗੱਲ ਜ਼ਰੂਰ ਕਰਨਾ।'

'ਠੀਕ ਹੈ! ਮੈਂ ਕਰਦਾ ਅੱਜ ਹੀ ਗੱਲ।' ਗੁਰਦਿੱਤ ਨੇ ਜੁਆਬ ਦਿੱਤਾ।

ਸ਼ਾਮਾਂ ਨੂੰ ਛੁੱਟੀ ਵੇਲੇ ਗੁਰਦਿੱਤ, ਸ੍ਰ. ਹਰਭਜਨ ਸਿੰਘ ਦੇ ਕੈਬਿਨ ਵਿੱਚ ਗਿਆ, ਉੱਥੇ ਨਾਲ ਹੀ ਕੰਪਨੀ ਦਾ ਮੈਨੇਜਰ ਜਸਪਾਲ ਸਿੰਘ ਵੀ ਬੈਠਾ ਹੋਇਆ ਸੀ। ਜਸਪਾਲ ਸਿੰਘ ਜਿੱਥੇ ਇਸ ਫੈਕਟਰੀ ਵਿੱਚ ਮੈਨੇਜਰ ਸੀ, ਉੱਥੇ ਇਹ ਕੁੜਮਾਚਾਰੀ ਵਿੱਚੋਂ ਹਰਭਜਨ ਸਿੰਘ ਦਾ ਰਿਸ਼ਤੇਦਾਰ ਵੀ ਸੀ।

ਰਸਮੀਂ ਗੱਲਬਾਤ ਤੋਂ ਬਾਅਦ ਗੁਰਦਿੱਤ ਨੇ ਜਰਨੇਟਰ ਬਾਰੇ ਗੱਲ ਕੀਤੀ ਤਾਂ ਕਿ ਭਵਿੱਖ ਵਿੱਚ ਲੋੜ ਪੈਣ 'ਤੇ ਕੋਈ ਸਮੱਸਿਆ ਨਾ ਆਵੇ।

ਹਰਭਜਨ ਸਿੰਘ ਨੇ 'ਜਲਦੀ ਇਸ ਬਾਰੇ ਫੈਸਲਾ ਕਰਦੇ ਹਾਂ' ਕਿਹਾ ਅਤੇ ਗੁਰਦਿੱਤ ਅਦਾਬ ਕਰਕੇ ਉੱਥੋਂ ਚੱਲਦਾ ਬਣਿਆ।

ਹਰਭਜਨ ਸਿੰਘ ਨੇ ਗੁਰਦਿੱਤ ਨੂੰ ਵਿਦਾ ਕਰਕੇ, ਜਸਪਾਲ ਸਿੰਘ ਨੂੰ ਮੁਖਾਤਿਬ ਹੁੰਦੇ ਕਿਹਾ, 'ਇਹ ਮੁੰਡਾ ਕਿੱਦਾਂ ਦਾ ਲੱਗਦਾ ਤੈਨੂੰ?'

ਜੁਆਬ ਵਿੱਚ ਜਸਪਾਲ ਸਿੰਘ ਨੇ, ਗੁਰਦਿੱਤ ਸਿੰਘ ਦੀਆਂ ਸਿਫਤਾਂ ਦੇ ਪੁੱਲ ਬੰਨ੍ਹ ਦਿੱਤੇ।

ਤਾਂ ਹਰਭਜਨ ਸਿੰਘ ਪੁੱਛਣ ਲੱਗਾ, 'ਕੀ ਇਹ ਆਪਣੀ ਪਵਨ ਵਾਸਤੇ ਫਿੱਟ ਬੈਠੂਗਾ?' ਜਸਪਾਲ ਸਿੰਘ ਨੇ ਹੈਰਾਨੀ ਭਰਿਆ ਪ੍ਰਭਾਵ ਦਿੰਦੇ ਕਿਹਾ, 'ਸਰਦਾਰ ਸਾਹਿਬ! ਧੀ ਦਾ ਮਸਲਾ ਹੈ, ਪਹਿਲਾਂ ਧੀ ਨੂੰ ਪੁੱਛੋ। ਬਾਕੀ ਮੁੰਡਾ ਬਹੁਤ ਸਾਊ ਹੈ ਅਤੇ ਸਿਆਣਾ ਵੀ। ਨਾਲੇ ਫਿਰ ਧੀ ਅੱਖਾਂ ਸਾਹਮਣੇ ਰਹੂਗੀ।'

ਹਰਭਜਨ ਸਿੰਘ ਬੋਲਿਆ, 'ਆਹੋ ਜਸਪਾਲ ਸਿੰਹਾਂ, ਗੱਲ ਤਾਂ ਤੇਰੀ ਸਹੀ ਆ ਅਤੇ ਪਵਨ ਵੱਲੋਂ ਵੀ ਹਾਂ ਹੀ ਹੈ, ਪਰ ਹੁਣ ਇਸ ਮੁੰਡੇ ਦੀ ਮਨ ਦੀ ਜਾਣਨੀ ਚਾਹੁੰਦਾ ਹਾਂ ਅਤੇ ਇਹ ਕੰਮ ਤੂੰ ਹੀ ਕਰ ਸਕਦੈਂ, ਕਿਉਂਕਿ ਇੱਕ ਤਾਂ ਤੇਰੇ ਨਾਲ ਇਸਦੀ ਬਣਦੀ ਵੀ ਹੈ।'

'ਠੀਕ ਹੈ! ਸਰਦਾਰ ਸਾਹਿਬ ਮੈਂ ਕਰਦਾ ਕੋਈ ਹੀਲਾ। ਇਸ ਐਤਵਾਰ ਆਪਣੇ ਇਕ ਮੁਲਾਜ਼ਮ ਅਵਤਾਰ ਸਿੰਘ ਦਾ ਵਿਆਹ ਹੈ। ਆਪਣੇ ਸਾਰੇ ਬੰਦਿਆਂ ਨੇ ਉੱਥੇ ਹੋਣਾ, ਇਸ ਲਈ ਉਹ ਵਧੀਆ ਮੌਕਾ ਹੋਊ ਗੱਲਬਾਤ ਕਰਨ ਦਾ।' ਜਸਪਾਲ ਸਿੰਘ ਨੇ ਕਿਹਾ।

ਵਿਆਹ ਵਾਲਾ ਦਿਨ ਆਇਆ। ਸ੍. ਹਰਭਜਨ ਸਿੰਘ ਵੀ ਪਰਵਾਰ ਸਮੇਤ ਪਹੁੰਚੇ ਅਤੇ ਗੁਰਦਿੱਤ ਸਿੰਘ ਵੀ ਸ਼ਾਮਲ ਸੀ। ਇਸ ਮੌਕੇ ਨੂੰ ਤਾੜਦੇ ਹੋਏ ਜਸਪਾਲ ਸਿੰਘ ਨੇ ਗੁਰਦਿੱਤ ਸਿੰਘ ਦਾ ਪਿੱਛਾ ਨਾ ਛੱਡਿਆ। ਗੱਲਾਂ-ਬਾਤਾਂ ਸ਼ੁਰੂ ਹੋਈਆਂ ਅਤੇ ਇਕ ਦੂਜੇ ਨਾਲ ਦੋਵੇਂ ਖੁਲ੍ਹਦੇ ਗਏ। ਜਦ ਵਿਆਹ ਦੀ ਗੱਲ ਛੇੜੀ ਤਾਂ ਗੁਰਦਿੱਤ ਸਿੰਘ ਕਹਿਣ ਲੱਗਾ, 'ਜਸਪਾਲ ਭਾਅ ਜੀ! ਵਿਆਹ ਤਾਂ ਕਰਵਾਉਣਾ ਹੀ ਹੈ ਇੱਕ ਦਿਨ, ਬੱਸ ਘਰ ਵਾਲੇ ਵੀ ਰਿਸ਼ਤਾ ਵੇਖ ਰਹੇ ਨੇ, ਪਰ ਕੋਈ ਕੁੜੀ ਮਿਲ ਨਹੀਂ ਰਹੀ ਜੋ ਮੇਰੀਆਂ ਸ਼ਰਤਾਂ ਪੂਰੀਆਂ ਕਰਦੀ ਹੋਵੇ। ਬੱਸ ਲੱਗੇ ਹੋਏ ਹਾਂ, ਜਦੋਂ ਸੰਜੋਗ ਬਣੇ ਆਪਾਂ ਵੀ ਕਰਵਾ ਲਵਾਂਗੇ ਵਿਆਹ।'

'...ਸ਼ਰਤਾਂ? ਮੁੰਡਿਆ ਤੇਰੀਆਂ ਕਿਹੜੀਆਂ ਸ਼ਰਤਾਂ ਨੇ?' ਜਸਪਾਲ ਸਿੰਘ ਨੇ ਮਜ਼ਾਕੀਆ ਲਹਿਜੇ ਵਿੱਚ ਕਿਹਾ।

'ਬੱਸ ਭਾਅ ਜੀ! ਕੁੜੀ ਮੱਧ ਵਰਗ ਪਰਵਾਰ ਦੀ ਹੋਵੇ, ਸਾਦੀ ਜਿਹੀ ਭਾਵੇਂ ਦੱਸ/ਬਾਰਾਂ ਹੀ ਪੜ੍ਹੀ ਹੋਵੇ, ਪਰ ਘਰ ਪਰਵਾਰ ਸੰਭਾਲਣ ਵਾਲੀ ਹੋਵੇ ਅਤੇ ਵਿਆਹ ਬਿਲਕੁਲ ਸਾਦਾ ਅਤੇ ਬਿਨ੍ਹਾਂ ਦਾਜ ਦਹੇਜ ਤੋਂ ਹੋਵੇ ਪੂਰੀ ਤਰ੍ਹਾਂ ਗੁਰ ਮਰਯਾਦਾ ਅਨੁਸਾਰ। ਇਹ ਦੋ ਚਾਰ ਸ਼ਰਤਾਂ ਨੇ, ਹੋਰ ਅਸੀਂ ਕਿਹੜਾ ਗੱਡੀਆਂ ਕਾਰਾਂ ਮੰਗਣੀਆਂ ਨੇ? ਜੀਵਨ ਸਾਥੀ ਚੰਗਾ ਮਿਲ ਜੇ ਇਹ ਤਾਂ ਆਉਂਦੇ ਸਾਲਾਂ 'ਚ ਆਪਣੀਆਂ ਹੀ ਲੈ ਲਵਾਂਗੇ।' ਗੁਰਦਿੱਤ ਨੇ ਜੁਆਬ ਦਿੱਤਾ।

'ਠੀਕ ਹੈ! ਗੁਰਦਿੱਤ ਸਿੰਘਾ, ਲੱਭ ਦੇਈਏ ਫਿਰ ਤੈਨੂੰ ਕੋਈ ਕੁੜੀ?

ਜਸਪਾਲ ਸਿੰਘ ਬੋਲਿਆ।

'ਲੱਭੋ ਜੀ ਲੱਭੋ! ਬਣੋ ਵਿਚੋਲੇ, ਕਿਹੜੀ ਗੱਲ ਆ?' ਗੁਰਦਿੱਤ ਨੇ ਜੁਆਬ ਦਿੱਤਾ।

ਗੁਰਦਿੱਤ ਦੀਆਂ ਗੱਲਾਂ ਨੇ ਜਸਪਾਲ ਸਿੰਘ ਦਾ ਮਨ ਖ਼ੁਸ਼ੀਆਂ ਖੇੜੇ ਨਾਲ ਭਰ ਦਿੱਤਾ ਅਤੇ ਵਿਆਹ ਤੋਂ ਬਾਅਦ ਘਰ ਵਾਪਸੀ ਵੇਲੇ ਸ੍ਰ. ਹਰਭਜਨ ਸਿੰਘ ਹੁਰਾਂ ਘਰ ਜਾ ਕੇ ਸਾਰੀ ਗੱਲਬਾਤ ਦੱਸ ਆਇਆ। ਰਸੋਈ ਵਿੱਚ ਕੰਮ ਕਰਦੀ ਪਵਨ ਨੇ ਵੀ ਸਾਰੀਆਂ ਗੱਲਾਂ ਸੁਣ ਲਈਆਂ। ਸ੍ਰ. ਹਰਭਜਨ ਸਿੰਘ ਨੇ ਕਿਹਾ, 'ਮੈਂ ਜਲਦ ਹੀ ਗੁਰਦਿੱਤ ਸਿੰਘ ਦੇ ਪਰਿਵਾਰ ਨਾਲ ਮਿਲਣ ਦਾ ਬਹਾਨਾ ਲੱਭਦਾ ਹਾਂ ਅਤੇ ਉਸਨੂੰ ਵੀ ਸਰਪ੍ਰਾਈਜ਼ ਦੇ ਦੇਵਾਂਗੇ।'

ਰਾਤ ਸੌਣ ਵੇਲੇ, ਪਵਨ ਆਪਣੇ ਪਾਪਾ ਦੇ ਰੂਮ ਵਿੱਚ ਆਈ ਅਤੇ ਕਹਿਣ ਲੱਗੀ, 'ਪਾਪਾ! ਮੈਂ ਖੁਸ਼ ਹਾਂ, ਜੋ ਤੁਸੀਂ ਮੇਰੇ ਲਈ ਹੀਰਾ ਚੁਣਿਆ ਹੈ, ਪਰ ਮੈਂ ਥੋੜ੍ਹਾ ਉਹਦੇ ਨੇੜੇ ਜਾਣਾ ਚਾਹੁੰਦੀ ਹਾਂ। ਉਸਨੂੰ ਜਾਣਨਾ ਚਾਹੁੰਦੀ ਹਾਂ ਅਤੇ ਇਹ ਵੀ ਚਾਹੁੰਦੀ ਹਾਂ ਕਿ ਉਹ ਵੀ ਮੇਰੀ ਪਸੰਦ-ਨਾ-ਪਸੰਦ ਨੂੰ ਜਾਣ ਜਾਵੇ, ਜੇ ਤੁਹਾਡੀ ਇਜਾਜ਼ਤ ਹੋਵੇ ਤਾਂ ਬਿਨ੍ਹਾਂ ਵਿਆਹ ਵਾਲੀ ਗੱਲ ਗੁਰਦਿੱਤ ਨੂੰ ਪਤਾ ਲੱਗੇ ਅਤੇ ਉਸਦੇ ਘਰ ਗੱਲ ਕਰਨ ਤੋਂ ਪਹਿਲਾਂ ਕੁੱਝ ਸਮਾਂ ਉਸ ਨਾਲ ਬਿਤਾ ਲਵਾਂ?'

'ਠੀਕ ਹੈ ਪੁੱਤਰ ਜੀ! ਪਰ ਧਿਆਨ ਨਾਲ। ਤੁਸੀਂ ਕੱਲ੍ਹ ਫੈਕਟਰੀ ਆ ਜਾਣਾ।' ਹਰਭਜਨ ਸਿੰਘ ਨੇ ਕਿਹਾ।

ਅਗਲੀ ਸਵੇਰ ਹੋਈ ਤਾਂ ਪਵਨ ਫੈਕਟਰੀ ਆਈ। ਹਰਭਜਨ ਸਿੰਘ ਨੇ ਗੁਰਦਿੱਤ ਨੂੰ ਕੋਲ ਬੁਲਾਇਆ ਅਤੇ ਕਿਹਾ, 'ਅੱਜ ਪਵਨ ਨੇ ਜ਼ਰਾ ਨੇੜੇ ਇੱਕ ਪਿੰਡ ਤੱਕ ਆਪਣੀ ਸਹੇਲੀ ਵੱਲ ਜਾਣਾ ਹੈ, ਇਹਦੀ ਐਕਟੀਵਾ ਇੱਥੇ ਫੈਕਟਰੀ ਲਗਾ ਲੈ ਅਤੇ ਮੇਰੀ ਕਾਰ 'ਤੇ ਇਹਨੂੰ ਪਿੰਡ ਤੱਕ ਛੱਡ ਆ, ਕਾਰ ਵਾਪਸ ਲੈ ਆਵੀਂ ਸ਼ਾਮੀਂ ਮੈਂ ਆਪ ਜਾ ਕੇ ਇਹਨੂੰ ਉਥੋਂ ਵਾਪਸ ਲੈ ਆਵਾਂਗਾ।'

ਗੁਰਦਿੱਤ ਕਾਰ 'ਤੇ ਪਵਨ ਨੂੰ ਨਾਲ ਲੈ ਮੇਨ ਸੜਕ 'ਤੇ ਪੈ ਗਿਆ। ਰਸਤੇ ਵਿੱਚ ਦੋਹਾਂ ਨੇ ਕਾਫੀ ਜਾਣ-ਪਹਿਚਾਣ ਵਧਾਈ ਅਤੇ ਗੱਲਾਂ ਬਾਤਾਂ ਕੀਤੀਆਂ। ਹੌਲੀ-ਹੌਲੀ ਇਹ ਮੁਲਾਕਤਾਂ ਦਾ ਦੌਰ ਵੱਧਦਾ ਦਾ ਗਿਆ ਅਤੇ ਦੋਹਾਂ ਵਿੱਚ ਨੇੜਤਾ ਹੋ ਗਈ। ਪਵਨ ਆਪਣੇ ਦਿਲ ਦੇ ਵਲਵਲੇ ਸੰਭਾਲ ਨਾ ਸਕੀ ਅਤੇ ਸਾਰੀ ਗੱਲ ਗੁਰਦਿੱਤ ਨਾਲ ਕਰ ਲਈ। ਗੁਰਦਿੱਤ ਬਹੁਤ ਹੈਰਾਨ-ਪ੍ਰੇਸ਼ਾਨ ਹੋਇਆ, ਪਰ ਉਸਨੂੰ ਇਹ ਸੱਭ ਠੀਕ ਨਾ ਲੱਗਿਆ, ਭਾਵੇਂ ਕਿ ਉਹ ਵੀ ਪਵਨ ਨੂੰ ਪਸੰਦ ਕਰਨ ਲੱਗ ਪਿਆ ਸੀ, ਪਰ ਫਿਰ ਵੀ ਉਹਨੂੰ ਆਪਣੇ ਮਾਲਕਾਂ ਦੀ ਬੇਟੀ

ਨਾਲ ਇਹ ਸਭ ਠੀਕ ਨਹੀਂ ਸੀ ਲੱਗਾ ਅਤੇ ਸਮਾਜ ਸੁਸਾਇਟੀ ਦੇ ਲੋਕਾਂ ਦੇ ਤਾਹਣੇ-ਮਿਹਣਿਆਂ ਦਾ ਭੈਅ ਸਤਾਉਣ ਲੱਗਾ। ਉਸਨੇ ਬੱਸ ਐਨਾ ਹੀ ਕਿਹਾ, 'ਪਵਨ ਮੈਨੂੰ ਸਮਾਂ ਚਾਹੀਦਾ ਹੈ ਸੋਚਣ ਲਈ, ਪਲੀਜ਼ ਮਾਈਂਡ ਨਾ ਕਰੀਂ।'

'ਓ.ਕੇ. ਠੀਕ ਹੈ !ਤੁਸੀਂ ਲੈ ਲਉਂ ਆਪਣਾ ਸਮਾਂ ਜਿੰਨਾ ਮਰਜ਼ੀ।' ਪਵਨ ਨੇ ਕਿਹਾ।

ਅਗਲੇ ਦੋ ਦਿਨਾਂ ਤੱਕ ਗੁਰਦਿੱਤ ਫੈਕਟਰੀ ਨਾ ਆਇਆ। ਜਦ ਤੀਜੇ ਦਿਨ ਵੀ ਗੁਰਦਿੱਤ ਫੈਕਟਰੀ ਨਾ ਆਇਆ ਅਤੇ ਸ੍ਰ. ਹਰਭਜਨ ਸਿੰਘ, ਜਸਪਾਲ ਸਿੰਘ ਅਤੇ ਬਚਿੰਤ ਕੌਰ ਤਿੰਨੋ ਜਾਣੇ ਗੁਰਦਿੱਤ ਦੇ ਘਰ ਗਏ। ਕਰਤਾਰ ਸਿਹੁੰ ਦੇ ਪਰਵਾਰ ਨੇ ਬਹੁਤ ਆਦਰ ਮਾਣ ਦਿੱਤਾ ਅਤੇ ਦੱਸਿਆ ਕਿ, 'ਗੁਰਦਿੱਤ ਚੰਡੀਗੜ੍ਹ ਗਿਆ ਏ, ਕਹਿੰਦਾ ਸੀ ਫੈਕਟਰੀ ਦਾ ਕੋਈ ਕੰਮ ਹੈ, ਦੋ ਚਾਰ ਦਿਨਾਂ ਬਾਅਦ ਵਾਪਸ ਆਵੇਗਾ।'

ਸ੍ਰ. ਹਰਭਜਨ ਸਿੰਘ ਸੱਭ ਸਮਝਦਾ ਸੀ ਕਿ ਉਹ ਚੰਡੀਗੜ੍ਹ ਕਿਉਂ ਗਿਆ ਹੈ ਤਾਂ ਉਸਨੇ ਹਿੰਮਤ ਜਿਹੀ ਕਰਕੇ ਸਾਰੀ ਗੱਲ ਸ੍ਰ. ਕਰਤਾਰ ਸਿੰਘ ਦੇ ਪਰਵਾਰ ਨਾਲ ਖੋਲ੍ਹ ਦਿੱਤੀ। ਕਰਤਾਰ ਦੀ ਘਰਵਾਲੀ ਜਸਵੰਤ ਕੌਰ ਖੁਸ਼ੀ ਨਾਲ ਖੀਵੀ ਹੋ ਗਈ, ਕਿਉਂਕਿ ਉਸਨੇ ਪਵਨ ਨੂੰ ਦੇਖਿਆ ਹੋਇਆ ਸੀ। ਕਰਤਾਰ ਸਿੰਘ ਦੇ ਪਰਵਾਰ ਦੇ ਕਿਸੇ ਜੀਅ ਨੂੰ ਇਸ ਗੱਲ 'ਤੇ ਕੋਈ ਇਤਰਾਜ਼ ਨਾ ਹੋਇਆ।

ਤਾਂ ਹਰਭਜਨ ਸਿੰਘ ਕਹਿਣ ਲੱਗਾ, 'ਮੁੰਡਾ ਤੁਹਾਡਾ ਬਹੁਤ ਲਾਇਕ ਹੈ। ਸਾਡੇ ਲਈ ਇਹ ਜੁਆਈ ਨਹੀਂ ਪੁੱਤਾਂ ਵਰਗਾ ਹੈ। ਸਾਡੀ ਧੀ ਤੁਹਾਡੇ ਘਰ ਵੀ ਸਾਡੀ ਧੀ ਬਣ ਕੇ ਹੀ ਰਹੇਗੀ, ਕਿਉਂਕਿ ਮੈਨੂੰ ਪਤੈ ਉਹ ਇੱਥੇ ਬਹੁਤ ਖੁਸ਼ ਰਹੇਗੀ ਅਤੇ ਤੁਸੀਂ ਵੀ ਉਸਨੂੰ ਨੂੰਹ ਨਾਲੋਂ ਧੀਆਂ ਵਾਂਗ ਪਿਆਰ ਕਰੋਗੇ। ਹੁਣ ਗੁਰਦਿੱਤ ਨੂੰ ਵੀ ਤੁਸੀਂ ਰਾਜ਼ੀ ਕਰੋ।' ਅਤੇ ਹੋਰ ਰਸਮੀਂ ਗੱਲਾਂ ਬਾਤਾਂ ਤੋਂ ਹਰਭਜਨ ਸਿੰਘ ਪਰਵਾਰ ਸਮੇਤ ਉੱਥੋਂ ਰੁਖਸਤ ਹੋ ਗਏ।

ਚੌਥੇ ਦਿਨ ਗੁਰਦਿੱਤ ਵਾਪਸ ਮੁੜਿਆ ਤਾਂ ਉਸਨੂੰ ਮਗਰੋਂ ਹੋਈ ਸਾਰੀ ਗੱਲਬਾਤ ਦਾ ਪਤਾ ਲੱਗਿਆ। ਪਿਤਾ ਕਰਤਾਰ ਸਿੰਘ ਨੇ ਗੁਰਦਿੱਤ ਨੂੰ ਕੋਲ ਬੁਲਾ ਕੇ ਬੜੇ ਪਿਆਰ ਨਾਲ ਕਿਹਾ, 'ਬੇਟਾ ! ਵਿਆਹ ਜ਼ਿੰਦਗੀ ਦਾ ਬੜਾ ਹੀ ਸੋਚ ਸਮਝ ਕੇ ਕਰਨ ਵਾਲਾ ਫ਼ੈਸਲਾ ਹੁੰਦਾ ਹੈ। ਅਸੀਂ ਕੋਈ ਜ਼ੋਰ ਨਹੀਂ ਪਾਵਾਂਗੇ। ਬਿਨ੍ਹਾਂ ਸ਼ੱਕ ਸ੍ਰ. ਹਰਭਜਨ ਸਿੰਘ ਹੁਰੀਂ ਉੱਚ ਘਰਾਣੇ ਨਾਲ ਸਬੰਧ ਰੱਖਦੇ ਹਨ ਪਰ ਉਹਨਾਂ ਦੀ ਧੀ ਵੀ ਤਾਂ ਤੈਨੂੰ ਪਸੰਦ ਕਰਦੀ ਹੈ। ਧੀ ਵਾਲੇ ਆਪ ਚੱਲ ਕੇ ਸਾਡੇ ਘਰ ਰਿਸ਼ਤਾ ਲੈ ਕੇ ਆਏ ਹਨ ਨਾਲੇ ਆਪਾਂ ਵੀ ਤਾਂ ਆਪਣੀ ਧੀ ਵਿਆਹੀ ਹੈ। ਸ਼ੁਕਰ ਹੈ ਕਿ

ਪਰਵਾਰ ਸਾਨੂੰ ਬਹੁਤ ਚੰਗਾ ਮਿਲਿਆ ਹੈ। ਨਾਲੇ ਜਦ ਆਪ ਚੰਗੇ ਤਾਂ ਸੱਭ ਚੰਗੇ। ਬਾਕੀ ਜਿਵੇਂ ਤੂੰ ਕਹੇਂਗਾ, ਉਵੇਂ ਹੀ ਹੋਵੇਗਾ।'

'ਠੀਕ ਹੈ ਬਾਪੂ ਜੀ! ਮੈਂ ਸਭ ਦੀਆਂ ਸਾਰੀਆਂ ਗੱਲਾਂ ਨਾਲ ਸਹਿਮਤ ਹਾਂ। ਪਵਨ ਵੀ ਗ੍ਰੈਜੁਏਟ ਪਾਸ ਹੈ, ਸਿਆਣੀ ਅਤੇ ਸੁਸ਼ੀਲ ਕੁੜੀ ਹੈ। ਉਹਨਾਂ ਦਾ ਪਰਵਾਰ ਮੈਨੂੰ ਕਦੇ ਵੀ ਬੇਗਾਨਾ ਨਹੀਂ ਲੱਗਾ। ਪਰ ਲੋਕ ਕੀ ਕਹਿਣਗੇ?' ਗੁਰਦਿੱਤ ਬੋਲਿਆ।

'ਪੁੱਤ ਲੋਕਾਂ ਦੀ ਛੱਡ! ਲੋਕਾਂ ਦਾ ਕੰਮ ਹੀ ਕਹਿਣਾ ਹੈ। ਚੰਗੇ ਨੂੰ ਮਾੜਾ, ਮਾੜੇ ਨੂੰ ਚੰਗਾ। ਨਾਲੇ ਆਪਾਂ ਲੋਕਾਂ ਤੋਂ ਕੀ ਲੈਣਾ ਸਾਡਾ ਆਪਣਾ ਪਰਵਾਰ ਹੱਸਦਾ ਖੇਡਦਾ ਵੱਸਦਾ ਰਹੇ ਤੇ ਰੱਬ ਦਾ ਸ਼ੁਕਰ ਰਹੇ।' ਕਰਤਾਰ ਸਿੰਘ ਨੇ ਕਿਹਾ।

'ਠੀਕ ਹੈ ਬਾਪੂ ਜੀ, ਪਰ ਮੈਨੂੰ ਕੁੱਝ ਸਮਾਂ ਚਾਹੀਦਾ ਹੈ। ਨਾਲੇ ਮੈਂ ਹੁਣ ਫੈਕਟਰੀ ਨਹੀਂ ਜਾਣਾ। ਮੈਂ ਆਪਣਾ ਕਾਰੋਬਾਰ ਕਰਾਂਗਾ ਜਾਂ ਕਿਤੇ ਹੋਰ ਨੌਕਰੀ ਕਰਾਂਗਾ। ਵਿਆਹ ਬਿਲਕੁੱਲ ਬਿਨ੍ਹਾਂ ਬੈਂਡ-ਵਾਜਿਆਂ, ਘੋੜੀ-ਸਿਹਰਿਆਂ ਆਦਿ ਤੋਂ ਅਤੇ ਬਿਨ੍ਹਾਂ ਦਾਜ-ਦਹੇਜ ਅਤੇ ਹੋਰ ਵਿਖਾਵੇ ਤੋਂ ਕਰਵਾਉਣਾ ਹੈ।' ਠੀਕ ਹੈ ਪੁੱਤਰ ਜੀ, ਜਿਵੇਂ ਤੁਹਾਨੂੰ ਚੰਗਾ ਲੱਗੇ ਕਰਤਾਰ ਸਿੰਘ ਨੇ ਕਿਹਾ ਅਤੇ ਸ਼ਾਬਾਸੀ ਦਿੰਦੇ ਹੋਏ ਗੁਰਦਿੱਤ ਨੂੰ ਗਲ ਨਾਲ ਲਿਆ।

ਉਧਰ ਸ੍ਰ. ਹਰਭਜਨ ਸਿੰਘ ਦਾ ਪਰਿਵਾਰ ਵਿਆਹ ਪੂਰੀ ਧੂਮ-ਧਾਮ ਅਤੇ ਗਾਜੇ ਵਾਜੇ ਨਾਲ ਕਰਨਾ ਚਾਹੁੰਦਾ ਸੀ। ਦੂਜਾ ਗੁਰਦਿੱਤ ਵੱਲੋਂ ਫੈਕਟਰੀ ਛੱਡ ਜਾਣ ਦਾ ਫ਼ੈਸਲਾ ਕੌੜੇ ਘੁੱਟ ਵਾਂਗ ਸਹਿਣ ਕਰਨਾ ਪੈਣਾ ਸੀ, ਪਰ ਧੀ ਦੀ ਸੁੱਖ ਸਾਂਦ ਅਤੇ ਚੰਗੇ ਪਰਵਾਰ ਵਿੱਚ ਚਲੇ ਜਾਣ ਤੋਂ ਵੱਡੀ ਖੁਸ਼ੀ ਮਾਪਿਆਂ ਲਈ ਹੋਰ ਕੀ ਹੋ ਸਕਦੀ ਸੀ? ਇਸ ਲਈ ਸਭ ਨੇ ਸਹਿਮਤੀ ਦੇ ਦਿੱਤੀ ਅਤੇ ਗੁਰਦਿੱਤ ਨੂੰ ਨਵਾਂ ਕਾਰੋਬਾਰ ਸ਼ੁਰੂ ਕਰਨ ਲਈ ਹਰ ਤਰ੍ਹਾਂ ਦੀ ਮੱਦਦ ਦੀ ਪੇਸ਼ਕਸ਼ ਕਰ ਦਿੱਤੀ। ਜਿਸਨੂੰ ਗੁਰਦਿੱਤ ਸਿੰਘ ਨੇ 'ਜ਼ਰੂਰਤ ਹੋਈ ਤਾਂ ਜ਼ਰੂਰ ਦੱਸਾਂਗਾ' ਕਹਿ ਕੇ ਅਸਿੱਧੇ ਤੌਰ 'ਤੇ ਅਸਵਿਕਾਰ ਕਰ ਦਿੱਤਾ।

ਸੁੱਖ-ਸੁੱਖਾਂ ਨਾਲ ਨਵੰਬਰ ਨੇ ਮਹੀਨੇ ਵਿਆਹ ਸਿਰੇ ਚੜ੍ਹਿਆ। ਗੁਰਦੁਆਰਾ ਵਿੱਚ ਸਵੇਰੇ ਦਸ ਵਜੇ ਲਾਵਾਂ ਲਈਆਂ ਅਤੇ ਗਿਆਰਾਂ ਬੰਦਿਆ ਦੀ ਬਾਰਾਤ ਦੁਪਿਹਰ ਦਾ ਖਾਣਾ ਖਾ ਕੇ ਵਾਪਸ ਮੁੜ ਆਈ।

ਆਂਢ-ਗੁਆਂਡ ਕਈ ਦਿਨ ਕਈ ਤਰ੍ਹਾਂ ਦੀਆਂ ਚਰਚਾਵਾਂ ਦਾ ਬਾਜ਼ਾਰ ਗਰਮ ਰਿਹਾ। ਕੋਈ ਕਹਿ ਰਿਹਾ ਸੀ ਕਿ, 'ਹਰਭਜਨ ਸਿੰਘ ਦਾ ਐਡਾ ਵੱਡਾ ਕਾਰੋਬਾਰ ਅਤੇ ਧੀ ਵਿਆਹੁਣ ਲੱਗਿਆ ਧੇਲਾ ਨਹੀਂ ਖਰਚਿਆ।'

ਕੋਈ ਕਹਿੰਦਾ ਸੀ, 'ਹਰਭਜਨ ਸਿੰਘ ਨੇ ਧੀ ਵਿਆਹੀ ਨਹੀਂ ਘਰੋਂ ਕੱਢੀ ਹੈ।'

ਕੋਈ ਆਖੇ, 'ਬਈ, ਕੁੜੀ ਦੀ ਮੁੰਡੇ ਨਾਲ ਪਹਿਲਾਂ ਹੀ ਲਾਗ ਡਾਟ ਸੀ, ਤਾਂ ਹੀ ਚੁੱਪ ਚਪੀਤੇ ਵਿਆਹਤੀ ਅਗਲਿਆਂ ਨੇ।'

ਕੁੱਝ ਚੰਗਾ ਕਹਿਣ ਵਾਲੇ ਵੀ ਸਨ ਕਿ, 'ਬਹੁਤ ਸੁਹਣਾ ਸਾਦਾ ਵਿਆਹ ਕੀਤਾ, ਬਿਨ੍ਹਾਂ ਕਿਸੇ ਦਿਖਾਵੇ ਤੋਂ।'

ਅਖੇ! ਮੁੰਡੇ ਦੀ ਮਰਜ਼ੀ ਚੱਲੀ ਪੂਰੀ, ਮੁੰਡਾ ਗੁਰੂ ਘਰ ਨੂੰ ਮੰਨਣ ਵਾਲਾ ਮਿਲ ਗਿਆ ਸ੍ਰ ਹਰਭਜਨ ਸਿੰਘ ਹੁਰਾਂ ਨੂੰ। ਦੋ ਕੱਪੜਿਆਂ 'ਚ ਅਗਲੇ ਕੁੜੀ ਵਿਆਹ ਕੇ ਲੈ ਗਏ। ਸੁੱਖ ਨਾਲ ਮੁੰਡੇ ਦੇ ਪਰਵਾਰ ਦਾ ਕੰਮ ਕਾਰ ਵੀ ਸੁਹਣਾ ਚੱਲਦਾ ਹੈ। ਖ਼ੈਰ! ਰਿਸ਼ਤੇਦਾਰਾਂ, ਲੋਕਾਂ ਜਾਂ ਸ਼ਰੀਕੇ ਦੇ ਮੂੰਹ ਕਿਹੜਾ ਫੜ੍ਹੇ ਗਏ ਆ ਕਿਸੇ ਤੋਂ?

ਦੋਵੇਂ ਜੀਅ ਬਹੁਤ ਖੁਸ਼ ਸਨ ਅਤੇ ਸਾਰਾ ਪਰਵਾਰ ਵੀ। ਇਲਾਕੇ ਦੀਆਂ ਕੁੱਝ ਅਖ਼ਬਾਰਾਂ ਨੇ ਵੀ ਇਸ ਸਾਦ ਮੁਰਾਦੇ ਵਿਆਹ ਦੀਆਂ ਖ਼ਬਰਾਂ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਕੀਤੀਆਂ।

ਗੁਰਦਿੱਤ ਦਾ ਨਵਾਂ ਕਾਰੋਬਾਰ ਚੰਗ ਤਰ੍ਹਾਂ ਸੈੱਟ ਨਹੀਂ ਸੀ ਬੈਠ ਰਿਹਾ। ਪਵਨ ਕਈ ਵਾਰ ਪਿਤਾ ਜੀ ਤੋਂ ਮੱਦਦ ਲੈਣ ਦੀ ਗੱਲ ਕਰਦੀ ਤਾਂ ਗੁਰਦਿੱਤ ਦੀ ਖ਼ੁਦਗਰਜ਼ੀ ਉਸਨੂੰ ਸਖ਼ਤ ਲਫਜਾਂ ਵਿੱਚ ਮਨ੍ਹਾਂ ਕਰ ਦਿੰਦੀ। ਉਹ ਅਕਸਰ ਆਖਦਾ, 'ਵੇਖ ਪਵਨ! ਸਿਆਣਿਆਂ ਦਾ ਕਥਨ ਹੈ 'ਪਹਿਲਾਂ ਚੱਠੀ, ਫਿਰ ਹੱਟੀ, ਫਿਰ ਖੱਟੀ' ਹਰ ਕੰਮ ਨੂੰ ਸਮਾਂ ਲੱਗਦਾ ਹੈ। ਹਾਰ ਜਾਣਾ ਹੋਰ ਗੱਲ ਹੈ, ਹਾਰ ਮੰਨ ਲੈਣਾ ਹੋਰ ਗੱਲ ਹੈ, ਤੂੰ ਮੇਰੀ ਕਮਜ਼ੋਰੀ ਨਹੀਂ ਤਾਕਤ ਬਣਿਆ ਕਰ।'

ਪਰ ਪਵਨ ਨੂੰ, ਇਹ ਗੱਲਾਂ ਸਿਰਫ ਕਿਤਾਬੀ ਜਿਹੀਆਂ ਲੱਗਦੀਆਂ। ਕਾਰੋਬਾਰ ਨੂੰ ਲੈ ਕੇ ਗੁਰਦਿੱਤ ਥੋੜ੍ਹਾ ਬਹੁਤ ਪ੍ਰੇਸ਼ਾਨ ਜ਼ਰੂਰ ਰਹਿੰਦਾ ਸੀ, ਪਰ ਘਰ ਪਰਵਾਰ 'ਚ ਕਦੇ ਵੀ ਜ਼ਾਹਰ ਨਹੀਂ ਸੀ ਕਰਦਾ। ਗੱਲਾਂ ਚੱਲਦੀਆਂ ਤਾਂ ਪਵਨ ਬਹੁਤ ਵਾਰ ਕਹਿੰਦੀ, 'ਮੇਰੇ ਵਿਆਹ ਲਈ ਬੜੇ ਚਾਅ ਸੀ, ਸਾਰੇ ਰਹਿ ਗਏ। ਨਾ ਤੁਸੀਂ ਚੂੜਾ ਪਾਉਣ ਦਿੱਤਾ, ਨਾ ਲਹਿੰਗਾ, ਨਾ ਕੋਈ ਡੀ.ਜੇ. ਨਾਲ ਘੋੜੀ, ਨਾ ਸਿਹਰਾ, ਨਾ ਬਾਰਾਤ, ਨਾ ਬੈਂਡ ਨਾ ਕੋਈ ਵਾਜਾ, ਕਿਉਂ ਨਾ ਆਪਾਂ ਦੁਬਾਰਾ ਵਿਆਹ ਕਰਵਾਈਏ ਜਾਂ ਇੱਕ ਵੱਡੀ ਪਾਰਟੀ ਕਰੀਏ ਅਤੇ ਸੱਭ ਰਿਸ਼ਤੇਦਾਰਾਂ ਨੂੰ ਸੱਦੀਏ?'

ਗੁਰਦਿੱਤ ਹੱਸ ਕੇ ਟਾਲ ਦਿੰਦਾ, 'ਕਹਿੰਦਾ ਇੱਕ ਵਾਰ ਕਾਰੋਬਾਰ ਆਪਣੇ

ਸਿਰ ਪੈਰਾਂ ਤੇ ਖੜ੍ਹਾ ਹੋ ਜਾਏ ਤਾਂ ਜੋ ਕਹੇਂਗੀ ਕਰ ਲਵਾਂਗੇ।'

ਵਿਆਹ ਨੂੰ ਸੱਤ ਕੁ ਮਹੀਨੇ ਹੋ ਗਏ ਸਨ। ਇਸ ਦੌਰਾਨ ਹੀ ਪਵਨ ਦਾ ਮਿਸਕੈਰੇਜ ਹੋ ਗਿਆ, ਪਰ ਗੁਰਦਿੱਤ ਨੇ ਹੌਂਸਲਾ ਨਾ ਛੱਡਿਆ ਅਤੇ ਨਾ ਹੀਂ ਪਵਨ ਨੂੰ ਕੁੱਝ ਮਹਸੂਸ ਹੋਣ ਦਿੱਤਾ ਅਤੇ ਉਸਦਾ ਧਿਆਨ ਹੋਰ ਵੀ ਜਿਆਦਾ ਰੱਖਣ ਲੱਗ ਪਿਆ। ਘਰ ਦਾ ਕੋਈ ਕੰਮ ਕਾਰ ਨਾ ਕਰਨ ਦਿੰਦਾ। ਜਿਆਦਾ ਕੰਮ ਗੁਰਦਿੱਤ ਦੀ ਮਾਂ ਜਸਵੰਤ ਕੌਰ ਆਪ ਹੀ ਕਰਦੀ ਸੀ, ਪਵਨ ਕਦੇ ਕਦੇ ਨੇੜਿਉਂ ਹੱਥ ਵਟਾ ਦਿੰਦੀ ਜਾਂ ਜਿਆਦਾ ਸਮਾਂ ਆਪਣੀ ਮਾਂ, ਸਹੇਲੀਆਂ ਜਾਂ ਚਾਚੇ-ਤਾਏ ਦੀਆਂ ਕੁੜੀਆਂ ਨਾਲ ਫੋਨ 'ਤੇ ਲੱਗੀ ਰਹਿੰਦੀ।

ਇੱਕ ਦਿਨ ਪਵਨ ਦੀ ਮੰਮੀ ਅਤੇ ਉਸਦੀ ਭਾਬੀ ਘਰ ਆਏ। ਪਵਨ ਨੇ ਗੁਰਦਿੱਤ ਨੂੰ ਫੋਨ ਕਰਕੇ ਦੱਸਿਆ ਕਿ, 'ਮੰਮੀ ਅਤੇ ਭਾਬੀ ਜੀ ਆਏ ਹਨ, ਉਹ ਨਾਲ ਜਾਣ ਨੂੰ ਕਹਿ ਰਹੇ ਹਨ ਜੇ ਤੁਸੀਂ ਕਹੋ ਤਾਂ ਦੋ-ਚਾਰ ਦਿਨ ਲਾ ਆਵਾਂ?'

ਗੁਰਦਿੱਤ ਨੇ ਤੁਰੰਤ ਹਾਂ ਕਰ ਦਿੱਤੀ ਅਤੇ 'ਆਪਣਾ ਧਿਆਨ ਰੱਖੀਂ। ਸਮੇਂ ਸਿਰ ਦਵਾਈ ਖਾਂਦੀ ਰਹੀਂ' ਕਹਿ ਕੇ ਜਾਣ ਦੀ ਇਜਾਜ਼ਤ ਦੇ ਦਿੱਤੀ।

ਪੰਜਵੇ ਦਿਨ ਹੀ ਗੁਰਦਿੱਤ ਨੂੰ ਫੋਨ ਆਇਆ ਕਿ, ਅਚਾਨਕ ਦਿਲ ਦਾ ਦੌਰਾ ਪੈਣ ਕਰਕੇ ਸ੍ਰ. ਹਰਭਜਨ ਸਿੰਘ ਦੀ ਮੌਤ ਹੋ ਗਈ ਹੈ। ਗੁਰਦਿੱਤ ਤੁਰੰਤ ਸਾਰੇ ਪਰਵਾਰ ਸਮੇਤ ਉਹਨਾਂ ਘਰ ਪੁੱਜਿਆ। ਸਾਰੀਆਂ ਅੰਤਿਮ ਰਸਮਾਂ ਗੁਰਦਿੱਤ ਨੇ ਆਪ ਅੱਗੇ ਲੱਗ ਕੇ ਪੂਰੀਆਂ ਕੀਤੀਆਂ। ਅੰਤਿਮ ਅਰਦਾਸ ਤੱਕ ਪਵਨ ਆਪਣੇ ਮਾਤਾ-ਪਿਤਾ ਦੇ ਘਰ ਹੀ ਰਹੀ। ਭੋਗ ਵਾਲੇ ਦਿਨ ਵੀ ਉਸਨੇ ਗੁਰਦਿੱਤ ਨਾਲ ਜਾਣ ਤੋਂ ਮਨ੍ਹਾਂ ਕਰ ਦਿੱਤਾ। ਗੁਰਦਿੱਤ ਵੀ ਧੀ ਦੇ ਸਿਰ ਤੋਂ ਬਾਬਲ ਦੇ ਉੱਠ ਜਾਣ ਦੇ ਦਰਦ ਨੂੰ ਸਮਝਦਾ ਹੋਇਆ ਕਹਿ ਆਇਆ, 'ਜਦ ਦਿਲ ਕਰੂ ਮੈਨੂੰ ਫੋਨ ਕਰ ਦੇਵੀਂ ਮੈਂ ਆ ਕੇ ਲੈ ਜਾਵਾਂਗਾ। ਬਾਕੀ ਫੋਨ ਕਰਦੀ ਰਹੀ। ਦਿਲ ਛੋਟਾ ਨਾ ਕਰੀਂ।'

ਹਫ਼ਤੇ ਦੋ ਹਫ਼ਤੇ ਲੰਘ ਗਏ। ਇਕ ਦੋ ਵਾਰ ਫੋਨ 'ਤੇ ਗੱਲ ਹੋਈ ਪਰ ਪਵਨ ਆਉਣ ਤੋਂ ਟਾਲਦੀ ਰਹੀ। ਗੁਰਦਿੱਤ ਵੀ ਆਪਣੇ ਕਾਰੋਬਾਰ ਵਿੱਚ ਜ਼ਰਾ ਜਿਆਦਾ ਰੁਝਿਆ ਹੋਇਆ ਸੀ ਪਰ ਸ੍ਰ. ਹਰਭਜਨ ਸਿੰਘ ਦੀ ਅੰਤਿਮ ਅਰਦਾਸ ਤੋਂ ਤਿੰਨ ਕੁ ਹਫਤਿਆਂ ਬਾਅਦ ਗੁਰਦਿੱਤ ਸਿੰਘ ਦੇ ਨਾਂ 'ਤੇ ਘਰ ਅਦਾਲਤ ਤੋ ਸੰਮਨ ਆ ਪਹੁੰਚੇ, ਜੋ ਪਵਨ ਵੱਲੋਂ ਭੇਜੇ ਗਏ ਸਨ।

# 4

ਫੈਸਲੇ ਦਾ ਦਿਨ।

ਤਿੱਖੀ ਸਿਖਰ ਦੁਪਿਹਰ।

ਜਿਲ੍ਹਾ ਕਚਹਿਰੀ।

ਇੱਕ ਆਰਜ਼ੀ ਬਣੇ ਚਾਹ ਦੇ ਖੋਖੇ ਦੇ ਬਾਹਰ ਬੈਠਾ ਗੁਰਦਿੱਤ।

ਪਰ ਅਜੇ ਤੱਕ ਅਵਾਜ਼ ਨਹੀਂ ਸੀ ਪਈ। ਉਸਦੇ ਸਾਹਮਣੇ ਇੱਕ ਪਾਸੇ ਪਿਤਾ ਕਰਤਾਰ ਸਿੰਘ, ਮਾਂ ਜਸਵੰਤ ਕੌਰ, ਭਰਾ ਜਗਸੀਰ ਸਿੰਘ, ਕੁੱਝ ਰਿਸ਼ਤੇਦਾਰ ਅਤੇ ਸਾਕ ਸਬੰਧੀ। ਦੂਜੇ ਪਾਸੇ ਉਸਦੀ ਪਤਨੀ ਪਵਨਦੀਪ ਕੌਰ, ਸੱਸ ਬਚਿੰਤ ਕੌਰ ਅਤੇ ਰਿਸ਼ਤੇਦਾਰੀ ਵਿੱਚੋਂ ਇੱਕ ਮਾਮਾ ਅਤੇ ਇੱਕ ਹੋਰ ਬੰਦਾ ਦੋ ਵੱਖ-ਵੱਖ ਧਿਰਾਂ ਬਣ ਕੇ ਬੈਠੇ ਹੋਏ ਸਨ।

ਸੋਚਾਂ ਦੇ ਵਹਿਣ ਵਿੱਚ ਵਹਿੰਦਾ ਹੋਇਆ ਗੁਰਦਿੱਤ ਆਪਣੇ ਅਤੀਤ ਵਿੱਚੋਂ ਕੁੱਝ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ, ਸ਼ਾਇਦ ਆਪਣੀ ਕੀਤੀ ਕੋਈ ਗਲਤੀ ਜਾਂ ਕੋਈ ਵਜ੍ਹਾ? ਜਿਸ ਕਰਕੇ ਉਹਨੂੰ ਅੱਜ ਆਹ ਦਿਨ ਦੇਖਣੇ ਪਏ ਸਨ। ਆਪਣਾ ਬਚਪਨ ਯਾਦ ਕਰਦਾ ਏ, ਗੁਰੂ ਘਰ ਨਾਲ ਜੁੜਨਾ ਯਾਦ ਕਰਦਾ ਏ, ਕੀਰਤਨ ਕਰਨਾ ਅਤੇ ਫਿਰ ਪੜ੍ਹਾਈ, ਫਿਰ ਕੀਰਤਨ ਛੱਡਣਾ, ਹੋਰ ਕਿਰਤ ਕਰਨਾ ਅਤੇ ਇਸ ਦੌਰਾਨ ਵਿਆਹ ਦਾ ਹੋ ਜਾਣਾ ਉਹ ਵੀ ਬਹੁਤ ਹੀ ਸੁਣੇ ਢੰਗ ਨਾਲ ਅਤੇ ਉਸਦੇ ਬਾਵਜੂਦ ਅੱਜ ਤੋਂ ਉਸਦੇ ਉੱਤੇ ਦੁਹਾਜੂ ਹੋਣ ਦਾ ਠੱਪਾ ਲੱਗ ਜਾਣਾ ਸੀ। ਸੋਚਦਾ ਕੀ ਉਹ ਮੁੰਡੇ ਚੰਗੇ ਨਹੀਂ (?) ਵਿਅਹ ਤੋਂ ਬਾਅਦ ਜਿਨ੍ਹਾ ਬਾਰੇ ਪਤਾ ਲੱਗਦਾ ਏ ਉਹ ਕਿਸੇ ਐਬ ਨਾਲ ਜੁੜੇ ਹਨ, ਨਸ਼ੇ ਕਰਦੇ ਹਨ ਅਤੇ ਢੇਰ ਸਾਰਾ ਦਾਜ ਲੈਣ ਦੇ ਬਾਵਜੂਦ ਵੀ ਦਾਜ ਲਈ ਕੁੜੀਆਂ ਨੂੰ ਪ੍ਰੇਸ਼ਾਨ ਕਰਦੇ ਹਨ? ਜੋ ਵਿਆਹ ਕੇ ਲਿਆਂਦੀਆਂ ਨੂੰ ਕੁੱਟਦੇ-ਮਾਰਦੇ ਅਤੇ ਨੌਕਰਾਂ ਵਾਂਗ ਸਾਰਾ ਦਿਨ ਕੰਮ ਲੈਂਦੇ ਹਨ ਅਤੇ ਅਗੋਂ ਉਹ ਚੰਗੇ ਖਾਨਦਾਨ ਦੀਆਂ ਜਾਈਆਂ ਸਾਰਾ ਜ਼ੁਲਮ ਸਹਿੰਦੀਆਂ ਹੋਈਆਂ ਸੀ ਤੱਕ ਨਹੀਂ ਕਰਦੀਆਂ 'ਤੇ ਸਾਰੀ ਉਮਰ ਇਸ

ਜ਼ੁਲਮ ਨੂੰ ਬਰਦਾਸ਼ਤ ਕਰਦੀਆਂ ਰਹਿੰਦੀਆਂ ਹਨ।

ਨਾਲੇ ਇਹਨਾਂ ਵਿੱਚੋਂ ਕਿਹੜਾ ਇਲਜ਼ਾਮ ਹੈ ਜੋ ਮੇਰੇ (ਗੁਰਦਿੱਤ) ਉੱਤੇ ਨਹੀਂ ਲੱਗ ਚੁੱਕਿਆ। ਜਿਸ ਦਿਨ ਸੰਮਨ ਆਏ ਸੀ, ਉਸੇ ਦਿਨ ਤੋਂ ਪਵਨ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਆ ਰਿਹਾ ਸੀ, ਪਰ ਜਦ ਸਾਰਾ ਪਰਵਾਰ ਥਾਣੇ ਜਾ ਆਇਆ, ਪਵਨ ਦੇ ਮਾਮੇ, ਮਾਂ ਅਤੇ ਪਵਨ ਦੇ ਦਸਤਖਤਾਂ ਹੇਠ ਥਾਣੇ ਦਿੱਤੀ ਗਈ ਦਰਖਾਸਤ ਦੀ ਕਾਪੀ ਆਪਣੀਆਂ ਅੱਖਾਂ ਨਾਲ ਵੇਖ ਕੇ ਜ਼ੁਬਾਨ ਨਾਲ ਪੜ੍ਹ ਆਇਆ ਤਾਂ ਇੰਝ ਲੱਗਾ ਸੀ, ਕਿ ਗੁਰਦਿੱਤ ਤੋਂ ਘਟੀਆ ਇਨਸਾਨ ਕੋਈ ਹੋਰ ਹੋ ਹੀ ਨਹੀਂ ਸਕਦਾ ਇਸ ਦੁਨੀਆ ਉੱਤੇ।

ਦਰਖਾਸਤ ਵਿੱਚ ਗੁਰਦਿੱਤ ਉੱਤੇ ਅਤੇ ਉਸਦੇ ਪਰਵਾਰ 'ਤੇ ਕੁੱਟ-ਮਾਰ ਦਾ ਦੋਸ਼, ਦਾਜ ਮੰਗਣ ਦਾ ਦੋਸ਼, ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਦਾ ਦੋਸ਼, ਲਿਖਿਆ ਸੀ ਅਸੀਂ ਵਿਆਹ 'ਤੇ ਹੈਸੀਅਤ ਤੋਂ ਵੱਧ ਦਾਜ ਦਿੱਤਾ ਸੀ, ਮੁੰਡਾ ਨਸ਼ੇ ਕਰਦਾ ਹੈ, ਕਮਾਈ ਦਾ ਕੋਈ ਸਾਧਨ ਨਹੀਂ ਹੈ, ਕੁੜੀ ਨੂੰ ਘਰੋਂ ਪੈਸੇ ਲਿਆਉਣ ਲਈ ਦਬਾਅ ਪਾਉਂਦਾ ਹੈ ਅਤੇ ਸੱਭ ਤੋਂ ਵੱਡੀ ਗੱਲ ਕਿ ਮੇਰਾ ਪਿਓ ਸ੍ਰ. ਹਰਭਜਨ ਸਿੰਘ ਇਹ ਸੱਭ ਕੁੱਝ ਨਾ ਝਲਦਿਆਂ ਹੋਇਆ ਹੀ ਮੌਤ ਦੇ ਮੂੰਹ ਵਿੱਚ ਜਾ ਪਿਆ ਏ' ਵਗੈਰਾ। ਇਹ ਤਾਂ ਉਹ ਇਲਜ਼ਾਮ ਸਨ ਜੋ ਹੋ ਸਕਦੈ ਪਵਨ ਨੇ ਘਰ ਪਰਵਾਰ ਵਿੱਚੋਂ ਕਿਸੇ ਦੀ ਚੁਕਣਾ ਦੇਣ ਵਾਲੇ ਦੇ ਕਹੇ ਲਗਾ ਦਿੱਤਾ ਹੋਣ, ਪਰ...

ਪਰ ਜਦੋਂ ਥਾਣੇ ਜਾਂ ਪੰਚਾਇਤ ਜਾਂ ਪਰ੍ਹੇ ਬੈਠਦੀ ਰਹੀ, ਉਹ ਅਤੇ ਉਸਦਾ ਮਾਮਾ ਤਾਂ ਇਹ ਸੱਭ ਕੁੱਝ ਮੂੰਹੋਂ ਬੋਲ ਕੇ ਵੀ ਲੋਕਾਂ ਨੂੰ ਦੱਸਦੇ ਰਹੇ ਸਨ। ਗੁਰਦਿੱਤ ਜਦ ਪਵਨ ਨੂੰ ਪੁੱਛਦਾ, 'ਤੂੰ ਦੱਸ ਤਾਂ ਸਹੀ ਤੂੰ ਕੀ ਚਾਹੁੰਦੀ ਏਂ? ਕਿਸਦੇ ਮਗਰ ਲੱਗ ਕੇ ਆਪਣਾ ਘਰ ਉਜਾੜ ਰਹੀਂ ਏਂ? ਕਹੇਂ ਤਾਂ ਮੈਂ ਆਪਣੇ ਮਾਂ-ਬਾਪ ਦੇ ਘਰ ਤੋਂ ਵੱਖਰਾ ਆਪਣਾ ਘਰ ਬਣਾ ਲੈਂਦਾ ਹਾਂ, ਪਰ ਆਹ ਸੱਭ ਨਾ ਕਰ, ਸਾਡੀ ਦੋਹਾਂ ਦੀ ਜ਼ਿੰਦਗੀ ਹੈ ਬਾਕੀ ਲੋਕਾਂ ਲਈ ਇਹ ਸਿਰਫ ਤਮਾਸ਼ਾ ਅਤੇ ਦੰਦ ਕਥਾ ਹੈ। ਪਵਨ ਹੋਸ਼ ਕਰ, ਤੇਰੀ ਮੱਤ ਤੇ ਪਰਦਾ ਕੀਹਨੇ ਪਾ ਦਿੱਤਾ? ਕੀ ਮੈਂ ਤੇਰੇ ਪਾਪਾ ਦਾ ਕਾਤਲ ਹਾਂ? ਤੈਨੂੰ ਨਹੀਂ ਲੱਗਦਾ ਇਹ ਸੱਭ ਕੁੱਝ ਕਰ ਕੇ ਤੂੰ ਉਹਨਾਂ ਦੀ ਆਤਮਾ ਨੂੰ ਠੇਸ ਪਹੁੰਚਾ ਰਹੀ ਏਂ?'

ਪਵਨ ਦਾ ਇਕੋ ਜੁਆਬ ਹੁੰਦਾ, 'ਮੈਨੂੰ ਕੁੱਝ ਨਹੀਂ ਪਤਾ, ਮੈਂ ਤੇਰੇ ਨਾਲ ਨਹੀਂ ਰਹਿਣਾ ਚਾਹੁੰਦੀ। ਇਹੋ ਜਿਹੀ ਜ਼ਿੰਦਗੀ ਤਾਂ ਮੈਂ ਕਦੇ ਸੋਚੀ ਵੀ ਨਹੀਂ ਸੀ। ਮੈਂ ਸੱਭ ਐਸ਼-ਇਸ਼ਰਤਾਂ ਸਿਰਫ ਤੇਰੀ ਖ਼ਾਤਰ ਛੱਡ ਕੇ ਆਈ ਸੀ, ਪਰ ਤੈਨੂੰ ਤੇਰੀ ਖੁਦਗਰਜ਼ੀ ਨੇ ਡੋਬਿਆ ਹੈ। ਨਾਲੇ ਆਹ ਧਰਮ ਕਰਮ ਦੇ ਲੈਕਚਰ, ਵੱਡੇ-ਵੱਡੇ

ਸੁਪਨੇ ਅਤੇ ਸੱਚ ਵਿਆਹ, ਜਿਸ ਤਰ੍ਹਾਂ ਤੂੰ ਮੇਰੇ ਨਾਲ ਵਿਆਹ ਕਰਵਾਇਆ ਇਹਨੂੰ ਕੌਣ ਕਹਿੰਦਾ ਕਿ ਇਹ ਵਿਆਹ ਹੋਇਆ? ਜਿੰਨ੍ਹੇ ਲੋਕਾਂ ਨੂੰ ਨਾਲ ਲੈ ਕੇ ਵਿਆਹ ਕਰਵਾਇਆ ਉਸ ਤੋਂ ਵੱਧ ਲੋਕ ਤਾਂ ਅਰਥੀ ਨਾਲ ਹੁੰਦੇ ਆ। ਦੋ ਅਖ਼ਬਾਰਾਂ ਵਿੱਚ ਸਾਡੇ ਵਿਆਹ ਦੀਆਂ ਫ਼ੋਟੋਆਂ ਲਗਵਾਉਣ ਲਈ ਅਤੇ ਆਪਣੀ ਝੂਠੀ ਵਾਹੋ-ਵਾਹੀ ਕਰਵਾਉਣ ਲਈ ਤੂੰ ਮੇਰੇ ਅਤੇ ਮੇਰੇ ਮਾਪਿਆਂ ਦੀਆਂ ਸਾਰੀਆਂ ਰੀਝਾਂ ਦਾ ਗਲਾ ਘੁੱਟ ਦਿੱਤਾ। ਮੇਰੇ ਪਾਪਾ ਤਾਂ ਕਹਿੰਦੇ ਸੀ ਕਿ ਆਪਣੀ ਫੈਕਟਰੀ ਦਿਨ-ਦੋਗੁਣੀ ਰਾਤ ਚੌਗੁਣੀ ਤਰੱਕੀ ਕਰ ਰਹੀ ਏ ਜਦੋਂ ਦਾ ਗੁਰਦਿੱਤ ਆਇਆ ਹੈ ਅਜੇ ਤਾਂ ਉਹ ਨੌਕਰ ਏ, ਹੁਣ ਜਦ ਤੇਰੇ ਵਿਆਹ ਤੋਂ ਬਾਅਦ ਮਾਲਕ ਬਣ ਜਾਵੇਗਾ ਤਾਂ ਇਹ ਸੂਬੇ ਦੀ ਸੱਭ ਤੋਂ ਵੱਧ ਕਾਮਯਾਬ ਫ਼ਰਮ ਮੰਨੀ ਜਾਊਗੀ। ਬੇਟੀ ਤੂੰ ਸੀ.ਈ.ਓ ਹੋਵੇਂਗੀ ਅਤੇ ਗੁਰਦਿੱਤ ਨੂੰ ਮੈਨੇਜਿੰਗ ਡਾਇਰੈਕਟਰ ਬਣਾ ਦੇਵਾਂਗੇ, ਪਰ ਗੁਰਦਿੱਤ ਤੂੰ ਸਾਰੇ ਸੁਪਨੇ ਚੱਕਣਾਚੂਰ ਕਰ ਦਿੱਤੇ।'

ਗੁਰਦਿੱਤ ਉਸਨੂੰ ਸਮਝਾਉਣ ਵਿੱਚ ਪੂਰੀ ਤਰ੍ਹਾਂ ਅਸਮੱਰਥ ਸੀ। ਇੱਕ ਦਿਨ ਪਵਨ ਦੀ ਇੱਕ ਸਹੇਲੀ ਬਾਜ਼ਾਰ ਵਿੱਚ ਗੁਰਦਿੱਤ ਨੂੰ ਮਿਲੀ ਸੀ, ਉਹਨੇ ਗੁਰਦਿੱਤ ਨਾਲ ਬਹੁਤ ਅਫਸੋਸ ਜ਼ਾਹਰ ਕਰਦਿਆਂ ਕਿਹਾ ਸੀ, 'ਪਵਨ ਸ਼ੁਰੂ ਤੋਂ ਹੀ ਇਹੋ ਜਿਹੀ ਹੈ, ਅਸੀਂ ਬਚਪਨ ਤੋਂ ਕਾਫੀ ਸਮਾਂ ਇਕੱਠੀਆਂ ਰਹੀਆਂ ਹਾਂ, ਉਸਦੇ ਮਾਪਿਆਂ ਦੇ ਲਾਡ-ਪਿਆਰ ਨੇ ਉਹਨੂੰ ਵਿਗਾੜਿਆ ਹੋਇਆ ਹੈ ਬਾਕੀ ਇਸ ਮੌਕੇ ਉਸਨੂੰ ਭੜਕਾਉਣ ਵਾਲੇ ਉਹਦਾ ਮਾਮਾ ਅਤੇ ਉਹਦੇ ਮਾਮੇ ਦਾ ਬੇਟਾ ਹੈ। ਅੰਕਲ ਦੀ ਮੌਤ ਤੋਂ ਪਹਿਲਾਂ ਵੀ ਉਹਨਾਂ ਦੀ ਅੱਖ ਇਹਨਾਂ ਦੀ ਫੈਕਟਰੀ 'ਤੇ ਸੀ। ਹੁਣ ਅੰਕਲ ਤਾਂ ਰਹੇ ਨਹੀਂ ਪਰ ਪਵਨ ਅਤੇ ਪਵਨ ਦਾ ਘਰਵਾਲਾ ਗੁਰਦਿੱਤ (ਤੁਸੀਂ) ਹੋ, ਜੋ ਉਸ ਫੈਕਟਰੀ ਨੂੰ ਕਦੇ ਵੀ ਵਿਕਣ ਜਾਂ ਡਿੱਗਣ ਨਹੀਂ ਦੇਵੋਗੇ ਇਸੇ ਕਰਕੇ ਤੁਹਾਨੂੰ ਦੋਹਾਂ ਨੂੰ ਵੱਖ ਕਰਨ ਦੀ ਚਾਲ ਮਾਮੇ ਅਤੇ ਮਾਮੇ ਦੇ ਬੇਟੇ ਦੀ ਹੈ। ਪਵਨ ਦੇ ਮਾਮਾ ਜੀ ਦਾ ਬੇਟਾ ਬਾਹਰ ਵਿਦੇਸ਼ ਰਹਿੰਦਾ ਏ, ਉਹਨੇ ਇਸ ਲਈ ਕੈਨੇਡਾ ਵਿੱਚ ਮੁੰਡਾ ਵੀ ਵੇਖਿਆ ਹੋਇਆ। ਬੱਸ ਹੋਰ ਕੋਈ ਗੱਲ ਨਹੀਂ ਏ। ਤੁਹਾਡੇ ਨਾਲ ਵੀ ਇਸਦਾ ਪਿਆਰ ਮਤਲਬੀ ਜਿਹਾ ਹੀ ਸੀ, ਪਰ ਤੁਸੀਂ ਚਾਹੋ ਤਾਂ ਇਸ ਕੇਸ ਨੂੰ ਵੱਧ ਤੋਂ ਵੱਧ ਲਮਕਾ ਸਕਦੇ ਹੋ ਅਤੇ ਇਹ ਕਦੇ ਵੀ ਬਾਹਰ ਨਹੀਂ ਜਾ ਸਕੇਗੀ। ਮੈਂ ਇਸਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਇਹ ਸ਼ਾਇਦ ਹੁਣ ਬਹੁਤ ਅੱਗੇ ਲੰਘ ਚੁੱਕੀ ਏ, ਹੁਣ ਨਹੀਂ ਸਮਝੇਗੀ। ਪਰ ਮੈਨੂੰ ਬਹੁਤ ਦੁੱਖ ਏ, ਕਿ ਇਹ ਬਹੁਤ ਸੁਹਣਾ ਰਿਸ਼ਤਾ ਟੁੱਟ ਰਿਹਾ ਹੈ। ਪਵਨ ਦੀ ਥਾਂ ਮੈਂ ਹੁੰਦੀ ਤਾਂ...।' ਗੁਰਦਿੱਤ ਨੇ ਇੱਕ ਦਮ, ਉਸਨੂੰ ਹੋਰ ਬੋਲਣ ਤੋਂ ਰੋਕ ਦਿੱਤਾ।

ਗੁਰਦਿੱਤ ਸੱਚ ਜਾਣ ਚੁੱਕਿਆ ਸੀ ਕਿ ਧਾਰਮਿਕ ਰਸਮਾਂ ਨਾਲ ਵਿਆਹ ਕਰਵਾਉਣ ਤੋਂ ਪਹਿਲਾਂ ਜ਼ਰੂਰੀ ਹੈ ਕਿ ਦੂਜੀ ਧਿਰ ਉਹਨਾਂ ਰਸਮਾਂ ਨੂੰ ਮੰਨਦੀ ਵੀ ਹੈ ਜਾਂ ਨਹੀਂ? ਸ਼ਾਇਦ ਮੈਂ ਉਸ ਮਾਡਰਨ ਕੁੜੀ ਦੇ ਲਾਇਕ ਹੀ ਨਹੀਂ ਸੀ ਅਤੇ ਨਾ ਹਾਂ। ਮੈਨੂੰ ਸਾਧਾਰਣ ਜ਼ਿੰਦਗੀ ਪਸੰਦ ਹੈ ਅਤੇ ਉਸਨੂੰ ਚਕਾਚੌਂਧ ਵਾਲੀ। ਜਦ ਸੁਭਾਅ ਨਹੀਂ ਮਿਲਦੇ ਤਾਂ ਇਹੋ ਜਿਹੇ ਰਿਸ਼ਤੇ ਨੂੰ ਹੋਰ ਠੇਲ੍ਹਣ ਦਾ ਵੀ ਕੋਈ ਫਾਇਦਾ ਨਹੀਂ ਹੈ। ਜੇ ਉਹ ਆਜ਼ਾਦੀ ਚਾਹੁੰਦੀ ਹੈ ਤਾਂ ਅੱਜ ਹੋਣ ਵਾਲੀ ਪਰ੍ਹੇ ਵਿੱਚ ਮੈਂ ਕਹਿ ਦੇਵਾਂਗਾ, ਜਿੱਦਾਂ ਇਹ ਚਾਹੁੰਦੀ ਏ ਮੈਨੂੰ ਮਨਜ਼ੂਰ ਏ।

ਪਰ੍ਹੇ ਦਾ ਸਮਾਂ ਹੋ ਚੁੱਕਿਆ ਸੀ। ਦੋਨੋਂ ਪਰਵਾਰਾਂ ਦੇ ਜੀਅ ਅਤੇ ਚੋਣਵੇਂ ਮੁਹਤਬਾਰ ਬੰਦੇ ਪਹੁੰਚ ਚੁੱਕੇ ਸਨ। ਗੱਲ ਬਾਤ ਸ਼ੁਰੂ ਹੋਈ। ਦੂਸ਼ਣਬਾਜ਼ੀ ਅਤੇ ਇਲਜ਼ਾਮਬਾਜ਼ੀ ਚੱਲਦੀ ਰਹੀ। ਮੁਹਤਬਰ ਵਿਅਕਤੀ ਨੇ ਪੁੱਛਿਆ, 'ਤੂੰ ਦੱਸ ਕੁੜੀਏ ਕੀ ਚਾਹੁੰਦੀ ਹੈ? ਮੁੰਡੇ ਵਿੱਚ ਕੀ ਖਰਾਬੀ ਏ?' ਪਵਨ ਨੇ ਹੋਸ਼ ਹਵਾਸ ਵਿੱਚ ਕਿਹਾ, 'ਇਹ ਬਾਰਾਂ ਜਮਾਤਾਂ ਪਾਸ ਹੈ, ਚਾਹੁੰਦਾ ਹੈ ਬਿਜ਼ਨਸਮੈਨ ਬਣ ਜਾਵੇਗਾ, ਕੰਮ-ਕਾਰ ਕੋਈ ਇਸਦਾ ਚੱਲਦਾ ਨਹੀਂ, ਜਿਉਂਦੇ ਜੀਅ ਮੇਰੇ ਪਾਪਾ ਕੋਲੋਂ ਬਹੁਤ ਪੈਸੇ ਉਧਾਰ ਲੈ ਚੁੱਕਿਆ ਹੈ, ਦਾਜ ਦੀ ਭੁੱਖ ਮਿਟਦੀ ਨਹੀਂ, ਇਸਦੀ ਮਾਂ ਨੂੰ ਤਾਂ ਬੱਸ ਇਹੀ ਕਿ ਮੈਂ ਜਲਦੀ ਤੋਂ ਜਲਦੀ ਬੱਚਾ ਜੰਮ ਕੇ ਦੇਵਾਂ ਹੋਰ ਕੀ ਕੀ ਦੱਸਾਂ ਕਹਿੰਦੀ ਹੋਈ ਉਹ ਰੋਣ ਲੱਗ ਪਈ' ਅਤੇ ਉਸਦੇ ਮਾਮੇ ਨੇ ਬੋਲਣਾ ਸ਼ੁਰੂ ਕੀਤਾ, 'ਦੇਖੋ ਜੀ ਇਹ ਕਲੇਸ਼ ਤਾਂ ਮੁੱਕਣ ਵਾਲਾ ਨਹੀਂ, ਇਸ ਰਿਸ਼ਤੇ ਨੂੰ ਤੋੜ ਦੇਣਾ ਹੀ ਸਹੀ ਹੱਲ ਏ, ਨਹੀਂ ਤਾਂ ਸਾਰੀ ਜ਼ਿੰਦਗੀ ਲੜਦੇ ਮਰਦੇ ਕੱਢਣਗੇ। ਕੱਲ੍ਹ ਨੂੰ ਕੁੜੀ ਨੇ ਕੁੱਝ ਕਰ ਲਿਆ ਫਿਰ ਕੀ ਕਰਾਂਗੇ? ਮੁੰਡੇ ਵਾਲਿਆਂ ਨੂੰ ਕਹੋ ਕਿ ਵਿਆਹ ਉੱਤੇ ਹੋਇਆ ਖਰਚ ਅਤੇ ਸਾਡੇ ਮਰਹੂਮ ਜੀਜਾ ਕੋਲੋਂ ਫੜ੍ਹਿਆ ਹੋਇਆ ਉਧਾਰ ਦਾ ਪੈਸਾ ਕੁੱਲ ਰਕਮ ਤੇਰਾਂ ਲੱਖ ਰੁਪਏ ਸਾਨੂੰ ਦੇ ਦੇਣ ਅਤੇ ਪੰਚਾਇਤੀ ਤਲਾਕ ਲਿਖਵਾ ਲੈਣ।'

ਮੁਹਤਬਾਰ ਬੰਦੇ ਦੋਹਾਂ ਧਿਰਾਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਮਰਹੂਮ ਸ੍ਰ. ਹਰਭਜਨ ਸਿੰਘ ਦੀ ਉਹ ਕਦਰ ਕਰਦੇ ਸਨ ਅਤੇ ਗੁਰਦਿੱਤ ਸਿੰਘ ਦੇ ਪਰਵਾਰ ਬਾਰੇ ਵੀ ਸੱਭ ਪਤਾ ਸੀ। ਉਹਨਾਂ ਕਰਤਾਰ ਸਿੰਘ, ਜਸਵੰਤ ਕੌਰ ਅਤੇ ਗੁਰਦਿੱਤ ਨੂੰ ਵੱਖਰਿਆਂ ਲਿਜਾ ਕੇ ਗੱਲਬਾਤ ਕੀਤੀ ਅਤੇ ਸਮਝਾਇਆ, 'ਦੇਖੋ ਭਾਈ! ਭਾਵੇਂ ਸਾਨੂੰ ਪਤਾ ਸਾਰੀ ਗਲਤੀ ਲੜਕੀ ਅਤੇ ਲੜਕੀ ਦੇ ਪਰਵਾਰ ਦੀ ਹੈ ਅਤੇ ਇਹਨਾਂ ਨੂੰ ਚੁੱਕਣ ਵਾਲਾ ਕੌਣ ਹੈ ਇਹ ਵੀ ਸਾਨੂੰ ਪਤੈ, ਪਰ ਸੱਚ ਹੈ ਕਿ ਕੱਲ੍ਹ ਨੂੰ ਜੇ ਕੋਰਟ ਕਚਹਿਰੀ ਦੇ ਚੱਕਰ ਪੈ ਗਏ ਤਾਂ ਉਮਰਾਂ ਲੰਘ ਜਾਣੀਆਂ, ਇਨਸਾਫ ਨਹੀਂ ਹੋਣਾ।

ਨਾਲੇ ਜਿਹੜੀ ਕੁੜੀ ਪਰ੍ਹੇ ਵਿੱਚ ਬੋਲਣੋਂ ਨਹੀਂ ਸੰਗਦੀ ਘਰ ਲੈ ਵੀ ਜਾਉਗੇ ਤਾਂ ਇਸਦਾ ਕੀ ਆਚਾਰ ਪਾਓਗੇ?'

'ਪਰ ਇਸ ਤਰ੍ਹਾਂ ਤਾਂ ਅਸੀਂ ਦੋਸ਼ੀ ਬਣੇ ਗਏ, ਭਾਈ ਸਾਹਿਬ ਜੀ।' ਜਸਵੰਤ ਕੌਰ ਬੋਲੀ। ਕਰਤਾਰ ਸਿੰਘ ਜੋ ਆਪ ਕਈ ਸਾਲ ਸਰਪੰਚ ਰਿਹਾ ਅਤੇ ਇਹੋ ਜਿਹੇ ਕਈ ਮਸਲਿਆਂ ਦੇ ਫੈਸਲੇ ਕਰਵਾਉਂਦਾ ਰਿਹਾ ਸੀ ਬੋਲਿਆ, 'ਦੇਖੋ ਜੀ! ਮੈਂ ਸਾਰੀ ਸਥਿਤੀ ਮੰਨਦਾ ਹਾਂ, ਇਸ ਕੁੜੀ ਨੂੰ ਧੀ ਬਣਾਇਆ ਸੀ, ਚਾਹੁੰਦਾ ਸੀ ਕੀ ਅੱਜ ਵੀ ਕੋਈ ਚੰਗਾ ਫ਼ੈਸਲਾ ਹੁੰਦਾ ਤਾਂ ਮੁੜ ਧੀ ਹੀ ਬਣਾ ਕੇ ਲੈ ਜਾਵਾਂਗਾ, ਇਹੀ ਕਾਰਣ ਹੈ ਕਿ ਅੱਜ ਤੱਕ ਇਕ ਲਫਜ਼ ਅਸੀਂ ਕੁੜੀ ਬਾਰੇ ਨਾ ਪਰ੍ਹੇ 'ਚ ਨਾ ਹੀ ਲੋਕਾਂ 'ਚ ਬੋਲਿਆ, ਪਰ ਜਿਸ ਤਰ੍ਹਾਂ ਇਹਨੇ ਸ਼ਰਮ ਲਾਹੀ ਏ, ਮੈਂ ਆਪਣੇ ਰੀਝਾਂ ਨਾਲ ਪਾਲੇ ਅਤੇ ਅਰਦਾਸਾਂ ਮੰਗ ਮੰਗ ਲਏ ਪੁੱਤ ਦੀ ਜ਼ਿੰਦਗੀ ਹੋਰ ਬਰਬਾਦ ਨਹੀਂ ਹੋਣ ਦੇਵਾਂਗਾ। ਰਹੀ ਗੱਲ ਮੰਗੇ ਗਏ ਤੇਰਾਂ ਲੱਖ ਰੁਪਏ ਦੀ, ਇਹ ਸਾਡੇ ਕੋਲੋਂ ਨਹੀਂ ਹੋਣਾ, ਐਨਾ ਰੁਪਿਆ ਕਿਥੋਂ ਆਉਣਾ ਸਾਡੇ ਕੋਲ? ਨਾਲੇ ਕਿਸ ਗੱਲ ਦਾ ਪੈਸਾ, ਕੁੜੀ ਦਾ ਪਿਓ ਐਨਾ ਪੈਸਾ ਛੱਡ ਗਿਐ, ਕੋਈ ਰੱਜ ਨਹੀਂ ਇਹਨਾਂ ਨੂੰ? ਤੁਸੀਂ ਸਿਆਣੇ ਹੋ ਦੱਸੋ ਕੀ ਇਹ ਪੈਸਿਆਂ ਵਾਲੀ ਮੰਗ ਸਹੀ ਹੈ?'

ਮੁਹਬਾਰ ਵਿਅਕਤੀ ਕਹਿਣ ਲੱਗਾ, 'ਪੈਸਿਆਂ ਬਾਰੇ ਮੈਂ ਗੱਲ ਕਰਦਾ ਹਾਂ, ਬਾਕੀ ਤੁਸੀਂ ਫਾਈਨਲ ਕਰੋ ਹੁਣ ਕੁੜੀ ਲੈਜਾਣੀ ਹੈ ਜਾਂ ਛੱਡਣੀ ਹੈ?'

'ਨਹੀ!ਂ ਕੁੜੀ ਤਾਂ ਅਸੀਂ ਵੀ ਨਹੀਂ ਲਿਜਾਉਣੀ ਅਤੇ ਤਲਾਕ ਵੀ ਪੰਚਾਇਤੀ ਨਹੀਂ ਕਰਾਵਉਣਾ, ਸਾਨੂੰ ਪੱਕਾ ਕੰਮ ਚਾਹੀਦੈ ਅਜਿਹੇ ਲਾਲਚੀ ਲੋਕਾਂ ਦਾ ਕੀ ਪਤੈ, ਕੱਲ੍ਹ ਨੂੰ ਫਿਰ ਉੱਠ ਖੜ੍ਹੇ ਹੋਣ। ਇਸ ਲਈ ਪੈਸਿਆਂ ਅਤੇ ਅਦਾਲਤੀ ਤਲਾਕ ਇਹਨਾਂ ਦੋਹਾਂ ਮੁੱਦਿਆਂ ਬਾਰੇ ਸੋਚ ਕੇ ਗੱਲ ਕਰਨਾ।' ਕਰਤਾਰ ਸਿੰਘ ਨੇ ਗੱਲ ਮੁਕਾਈ।

ਖ਼ੈਰ! ਆਖਿਰ ਮਹੀਨੇ ਦੋ ਮਹੀਨੇ ਦੀ ਮਗਜ਼ਮਾਰੀ ਤੋਂ ਬਾਅਦ ਅਦਲਾਤੀ ਤਲਾਕ ਅਤੇ ਪੰਜ ਲੱਖ ਰੁਪਏ ਉੱਤੇ ਸਾਰੀ ਗੱਲ ਮੁੱਕੀ। ਮੁਹਤਬਾਰ ਵਿਅਕਤੀਆਂ ਨੇ ਵਿੱਚ ਪੈ ਕੇ ਦੋਹਾਂ ਵਲੋਂ ਪਟੀਸ਼ਨ ਦਾਇਰ ਕੀਤੀ ਅਤੇ ਅੱਜ ਉਹਦਾ ਫ਼ੈਸਲੇ ਵਾਲਾ ਦਿਨ ਸੀ।

ਕਰਤਾਰ ਸਿੰਘ ਨੇ ਹਾਕ ਦਿੱਤੀ, ਗੁਰਦਿੱਤੇ ਆਜਾ ਪੁੱਤ ਜੱਜ ਸਾਬ੍ਹ ਬੁਲਾ ਰਹੇ ਨੇ। ਗੁਰਦਿੱਤ ਨੇ ਹੱਥ ਵਿੱਚ ਫੜ੍ਹੀ ਪਾਣੀ ਦੀ ਬੋਤਲ ਚੋਂ ਦੋ ਘੁੱਟ ਪਾਣੀ ਪੀਤਾ ਅਤੇ ਜੱਜ ਸਾਹਬ ਸਾਹਮਣੇ ਜਾ ਹਾਜ਼ਰ ਹੋਇਆ। ਪਵਨ ਉਸਦੇ ਸੱਜੇ ਪਾਸੇ ਖੜ੍ਹੀ ਸੀ। ਜੱਜ ਨੇ ਕੁੱਝ ਜ਼ਰੂਰੀ ਸਵਾਲ ਕੀਤੇ। ਇਹ ਵੀ ਕਿਹਾ ਤੁਹਾਡੀ ਜੋੜੀ ਬਹੁਤ

ਸੁਹਣੀ ਲੱਗ ਰਹੀ ਏ ਤਾਂ ਸਮੱਸਿਆ ਕੀ ਏ?' ਪਵਨ ਹੀ ਬੋਲੀ, 'ਜੱਜ ਸਾਹਿਬ ਘਰਦਿਆਂ ਦੀ ਗਲਤੀ ਇੱਕ ਗ੍ਰੈਜੁਏਟ ਕੁੜੀ ਨੂੰ ਬਾਰਾਂ ਪੜ੍ਹੇ ਨਾਲ ਵਿਆਹ ਦਿੱਤਾ, ਕੋਈ ਕੰਮ ਕਾਰ ਨਹੀਂ, ਆਪਣੇ ਪਿਓ ਦੇ ਸਿਰ ਤੋਂ ਖਾਣ ਵਾਲਾ ਇਨਸਾਨ ਹੈ ਇਸ ਲਈ ਹੀ ਨੌਬਤ ਇੱਥੋਂ ਤੱਕ ਆਈ ਹੈ।'

ਜੱਜ ਨੇ ਫਿਰ ਪੁੱਛਿਆ, 'ਫੈਸਲਾ ਤੁਹਾਡਾ ਦੋਵਾਂ ਦੀ ਮਰਜ਼ੀ ਦਾ ਹੈ? ਕੋਈ ਦਬਾਅ ਤਾਂ ਨਹੀਂ?' ਪਵਨ ਅਤੇ ਪੱਥਰ ਬਣ ਖੜ੍ਹੇ ਗੁਰਦਿੱਤ ਨੇ ਹਾਂ ਵਿੱਚ ਵਿੱਚ ਜੁਆਬ ਦਿੱਤਾ।

ਦੋਵਾਂ ਨੇ ਦਸਤਖ਼ਤ ਕੀਤੇ ਬਾਹਰ ਨਿਕਲ ਆਏ। ਮੁਹਤਬਾਰਾਂ ਨੂੰ ਕਰਤਾਰ ਸਿਹੁੰ ਨੇ ਪੰਜ ਲੱਖ ਰੁਪਿਆ ਦੇ ਦਿੱਤਾ ਅਤੇ ਨੇੜੇ ਹੀ ਆਪਣੇ ਵਕੀਲ ਦੇ ਚੈਂਬਰ ਵਿੱਚ ਪਵਨ, ਉਸਦੀ ਮਾਂ ਅਤੇ ਮਾਮਾ ਨੋਟਾਂ ਦੀਆਂ ਥਹੀਆਂ ਗਿਣ ਰਹੇ ਸਨ ਅਤੇ ਗੁਰਦਿੱਤ ਆਪਣੇ ਹੰਝੂਆਂ ਨੂੰ ਦਬਾਉਣ, ਲੁਕਾਉਣ ਦੀ ਕੋਸ਼ਿਸ਼ ਵਿੱਚ ਆਪਣੇ ਮਾਂ ਬਾਪ ਨਾਲ ਚਿਹਰੇ 'ਤੇ ਜੇਤੂਆਂ ਵਾਲੀ ਝੂਠੀ ਮੁਸਕਰਾਹਟ ਲੈ ਕੇ ਕਚਹਿਰੀ ਵਿੱਚੋਂ ਬਾਹਰ ਨਿਕਲ ਰਿਹਾ ਸੀ।

ਹਫ਼ਤਾ/ਦੱਸ ਦਿਨ ਲੰਘ ਗਏ। ਲੋਕ ਕਹਿੰਦੇ ਚੰਗਾ ਹੋਇਆ ਜੋ ਹੋਇਆ! ਘੱਟੋ-ਘੱਟ ਮੁੰਡਾ ਆਪਣੀ ਨਵੀਂ ਜ਼ਿੰਦਗੀ ਤਾਂ ਸ਼ੁਰੂ ਕਰ ਸਕਦੈ ਹੁਣ। ਵਾਧੂ ਕੁੜੀਆਂ ਮੁੰਡੇ ਨੂੰ ਕਿਤੇ ਕੁੜੀਆਂ ਦਾ ਘਾਟਾ। ਨਾਲੇ ਕਹੀ ਜਾਣਾ ਕੁੜੀ ਤਾਂ ਸਾਡੀ ਨਜ਼ਰ ਵਿੱਚ ਵੀ ਹੈ ਇੱਕ ਬਹੁਤ ਸੁਹਣੀ ਪਰ ਉਹ ਕਹਿੰਦੀ ਆ ਦੁਹਾਜੂ ਨਾਲ ਨਹੀਂ ਕਰਵਾਉਣ ਵਿਆਹ।

ਗੁਰਦਿੱਤ ਇਹ ਸੱਭ ਤੋਂ ਉਕਤਾ ਚੁੱਕਿਆ ਸੀ। ਉਹਨੇ ਚੰਡੀਗੜ੍ਹ ਆਪਣੇ ਇੱਕ ਜਾਣ-ਪਹਿਚਾਣ ਵਾਲੇ ਮਿੱਤਰ ਨੂੰ ਫੋਨ ਕੀਤਾ ਅਤੇ ਆਪਣੇ ਨਾਲ ਬੀਤੀ ਸਾਰੀ ਗੱਲ ਦੱਸੀ ਨਾਲ ਇਹ ਵੀ ਕਿਹਾ, 'ਉਹ ਸਵੇਰੇ ਚੰਡੀਗੜ੍ਹ ਆ ਰਿਹਾ। ਸੱਭ ਕਹਿੰਦੇ ਨੇ ਕਿ ਮੈਨੂੰ ਨਵੀਂ ਜ਼ਿੰਦਗੀ ਸ਼ੁਰੂ ਕਰਨੀ ਚਾਹੀਦੀ ਹੈ। ਪਰ ਮੈਂ ਇਕੱਲਾ ਸੱਭ ਕਿਵੇਂ ਕਰ ਸਕਦਾ ਹਾਂ। ਹੁਣ ਚੰਡੀਗੜ੍ਹ ਹੀ ਮੇਰੀ ਦੁਨੀਆ ਹੈ, ਕਿਉਂਕਿ ਇੱਥੇ ਹੀ ਉਸਦੀ ਜ਼ਿੰਦਗੀ ਰਹਿੰਦੀ ਹੈ, ਉਸਦੀ ਜਾਨ ਰਹਿੰਦੀ ਹੈ, ਜਿਸਨੂੰ ਉਹ ਦੋ ਵਾਰ ਠੁਕਰਾ ਚੁੱਕਿਆ ਹੈ, ਉਸਨੂੰ ਅਪਨਾਉਣ ਲਈ ਉਹ ਚੰਡੀਗੜ੍ਹ ਆ ਰਿਹਾ ਹੈ।'

# 5

ਸੈਕਟਰ 14,

ਚੰਡੀਗੜ੍ਹ।

ਪੰਜਾਬ ਯੂਨੀਵਰਸਿਟੀ ਦੇ ਮੁੱਖ ਗੇਟ ਦੇ ਸਾਹਮਣੇ।

ਗੁਰਦਿੱਤ ਅਤੇ ਉਸਦਾ ਮਿੱਤਰ ਖੜ੍ਹੇ ਸਨ। ਮਿੱਤਰ ਦੇ ਮਨ ਅੰਦਰ ਗੁਰਦਿੱਤ ਦੀ ਜਾਨ (ਜੋ ਉਸਦੇ ਮੁਤਾਬਿਕ, ਸ਼ਾਇਦ ਉਸਦੀ ਗਰਲਫ੍ਰੈਂਡ ਹੋਵੇਗੀ) ਨੂੰ ਦੇਖਣ ਦੀ ਤਾਂਘ ਬਣੀ ਹੋਈ ਸੀ ਅਤੇ ਉੱਤਸੁਕਤਾ ਨਾਲ ਗੁਰਦਿੱਤ ਨੂੰ ਪੁੱਛਣ ਲੱਗਾ, 'ਇੱਥੇ ਪੜ੍ਹਦੀ ਆ ਯੂਨੀਵਸਰਸਿਟੀ ਤੇਰੇ ਵਾਲੀ? ਬਾਹਰ ਆਊਗੀ ਕਿ ਆਪਾਂ ਅੰਦਰ ਜਾਣਾ ਹੁਣ?'

ਗੁਰਦਿੱਤ ਮੁਸਕਰਾਉਂਦਾ ਹੋਇਆ ਕਹਿਣ ਲੱਗਾ, 'ਯਾਰ! ਤੈਨੂੰ ਮੇਰੀ ਸਾਰੀ ਕਹਾਣੀ ਦਾ ਤਾਂ ਪਤਾ ਹੀ ਐ, ਸੋ ਗੱਲ ਇਹ ਆ ਕਿ ਪਵਨ ਨੇ ਪਤਾ ਨਹੀਂ ਕਿੰਨੀ ਵਾਰ ਕਿਹਾ ਕਿ ਬਾਰਵੀਂ ਪਾਸ ਹਾਂ ਮੈਂ ਕਦੇ ਕਾਮਯਾਬ ਨਹੀਂ ਹੋ ਸਕਦੈ ਨਾ ਆਪਣਾ ਕਾਰੋਬਾਰ ਸੈੱਟ ਕਰ ਸਕਦਾ ਇਲਜ਼ਾਮ ਤਾਂ ਹੋਰ ਵੀ ਬਹੁਤ ਲਾਏ ਉਸਨੇ, ਚਲੋ! ਹੁਣ ਮੇਰਾ ਉਸ ਨਾਲ ਕੋਈ ਸਬੰਧ ਨਹੀਂ ਹੈ, ਪਰ ਮੈਂ ਹੁਣ ਆਪਣੇ ਲਈ ਕੁੱਝ ਬਣਨਾ ਹੈ ਨਾਲੇ ਹੁਣ ਤਾਂ ਪਰਵਾਰ 'ਚ ਵੀ ਮੇਰੀ ਕਦਰ ਕਾਫੀ ਘੱਟ ਗਈ ਐ, ਹੈ ਵੀ ਸਹੀ ਮਾਪੇ ਵੀ ਹੁਣ ਕੀ ਕਰਨ? ਆਖਿਰ ਸੱਭ ਸਮਾਜਿਕ ਜੀਵ ਹੀ ਨੇ। ਹਰ ਬੰਦਾ ਲੋੜ ਖਾਤਰ ਇੱਕ ਦੂਜੇ ਨਾਲ ਜੁੜਿਆ ਹੁੰਦਾ ਏ। ਪੰਜ ਲੱਖ ਰੁਪਿਆ ਨਗਦ ਅਤੇ ਲੱਖ-ਡੇਢ ਲੱਖ ਰੁਪਿਆ ਥਾਣਿਆ ਕਚਹਿਰੀਆਂ ਵਿੱਚ ਰੁੜ ਗਿਆ ਬਾਪੂ ਦਾ। ਮੈਂ ਤਾਂ ਐਨਾ ਕਮਾਉਂਦਾ ਵੀ ਨਹੀਂ ਨਾ ਹੀ ਐਨਾ ਹੁਣ ਤੱਕ ਕੁਝ ਕਮਾ ਸਕਿਆਂ। ਅਗਲਿਆਂ ਨੇ ਛੋਟੇ ਦਾ ਵੀ ਵਿਆਹ ਕਰਨਾ ਸੀ ਅਤੇ ਵਿੱਚ ਮੇਰਾ ਆਹ ਪੰਗਾ ਪੈ ਗਿਆ। ਇਹ ਵੀ ਇੱਕ ਵੱਡੀ ਜ਼ਿੰਮੇਵਾਰੀ ਆ ਮੇਰੇ ਉੱਤੇ। ਰਹੀ ਗੱਲ ਮੇਰੀ ਜਾਨ ਦੀ, ਤਾਂ ਹੁਣ ਇਹ ਪੰਜਾਬ ਯੂਨੀਵਰਸਿਟੀ ਹੀ ਮੇਰੀ ਜਾਨ ਬਚਾਊਗੀ। ਵਿੱਦਿਆ ਪੜ੍ਹਾਈ ਹੀ ਮੇਰੀ ਜਾਨ ਹੈ, ਕੋਈ ਕੁੜੀ ਨਹੀ ਅਤੇ ਇਸਨੂੰ

ਹੀ ਮੈਂ ਦੋ ਵਾਰ ਛੱਡ ਚੁੱਕਿਆ ਹਾਂ ਇੱਕ ਵਾਰ ਦੱਸਵੀਂ ਤੋਂ ਬਾਅਦ ਪੰਜ ਸਾਲ ਲਈ ਫਿਰ ਬਾਰਵੀਂ ਤੋਂ ਬਾਅਦ ਤਿੰਨ ਸਾਲ ਲਈ। ਹੁਣ ਪੜ੍ਹਨਾ ਵੀ ਅਤੇ ਕੁੱਝ ਕਰਨਾ ਵੀ ਹੈ ਅਤੇ ਕੁੱਝ ਬਣਨਾ ਵੀ ਹੈ।'

ਜਾ ਯਾਰ! ਮੇਰਾ ਤਾਂ ਭਾਬੀ ਵੇਖਣ ਦਾ ਚਾਅ ਮਾਰ'ਤਾ ਨਾ ਤੂੰ। ਪਹਿਲੀ ਉਂਝ ਨਹੀਂ ਵਿਖਾਈ ਅਖੇ 10 ਬੰਦੇ ਵਿਆਹ ਕੇ ਲੈ ਆਏ ਅਤੇ ਮੇਰਾ ਤੇਰੇ ਵੱਲ ਗੇੜਾ ਨਹੀਂ ਲੱਗਿਆ 'ਤੇ ਤੂੰ ਅਗਲੀ ਰੁਸਾ ਕੇ ਭਜਾ'ਤੀ। ਸੌਰੀ ਭਰਾ ਮਜ਼ਾਕ ਕਰ ਰਿਹਾ ਸੀ, ਗੁੱਸਾ ਨਾ ਕਰੀਂ? ਹੁਣ ਇਹ ਦੱਸ ਯੂਨੀ ਦੇ ਗੇਟ ਮੂਹਰੇ ਖੜ੍ਹੇ ਰਹਿਣਾ ਜਾਂ ਕੋਈ ਹੋਰ ਪ੍ਰੋਗ੍ਰਾਮ ਵੀ ਹੈ?' ਮਿੱਤਰ ਨੇ ਪੁੱਛਿਆ।

'ਚੱਲੋਂ ਅੰਦਰ ਚੱਲਦੇ ਹਾਂ ਅਤੇ ਬੀ.ਏ. ਦੇ ਪ੍ਰਾਈਵੇਟ ਦਾਖਲੇ ਦੀਆਂ ਤਰੀਕਾਂ ਪੁੱਛਦੇ ਹਾਂ, ਫਿਰ ਇਸ ਤੋਂ ਬਾਅਦ ਕੋਈ ਕੰਮ ਵੀ ਨਾਲ ਹੀ ਲੱਭਦੇ ਹਾਂ।' ਗੁਰਦਿੱਤ ਨੇ ਕਿਹਾ।

'ਤੂੰ ਆਹ ਬੀ.ਏ ਦਾ ਪਤਾ ਕਰ ਕੰਮ ਲੱਭਣ ਦੀ ਲੋੜ ਨਹੀਂ, ਜਿੱਥੇ ਮੈਂ ਕਰਦਾ ਕੰਮ ਉੱਥੇ ਲੋੜ ਆ ਹੈਲਪਰ ਦੀ ਸੋ, ਕੰਮ ਦੀ ਟੈਂਸ਼ਨ ਨਾਲ ਲੈ ਭਾਈ ਮੇਰੇ।' ਮਿੱਤਰ ਨੇ ਜੁਆਬ ਦਿੱਤਾ।

ਗੁਰਦਿੱਤ ਨੇ ਦਾਖਲਾ ਤਰੀਕਾਂ ਦਾ ਪਤਾ ਕੀਤਾ, ਦਾਖਲਾ ਖੁੱਲ੍ਹਣ ਨੂੰ ਅਜੇ ਮਹੀਨਾ ਕੁ ਪਿਆ ਸੀ ਤਾਂ ਗੁਰਦਿੱਤ ਨੇ ਸਿਲੇਬਸ ਪਤਾ ਕਰਕੇ, ਨਾਲ ਹੀ ਕਿਤਾਬਾਂ ਖ੍ਰੀਦ ਲਈਆਂ ਅਤੇ ਫਿਰ ਆਪਣੇ ਮਿੱਤਰ ਨਾਲ ਜਾ ਕੇ ਕੰਮ ਲਈ ਵੀ ਪੱਕਾ ਕਰ ਆਇਆ ਅਤੇ ਨੇੜੇ ਹੀ ਇੱਕ ਕਮਰਾ ਕਿਰਾਏ 'ਤੇ ਲੈ ਲਿਆ। ਰੋਜ਼ਾਨਾ ਸਮੇਂ ਸਿਰ ਕੰਮ 'ਤੇ ਜਾਂਦਾ, ਦੇਰ ਰਾਤ ਤੱਕ ਪੜ੍ਹਦਾ। ਨਿਯਤ ਦਾਖ਼ਲਾ ਤਰੀਕਾਂ 'ਤੇ ਬੀ.ਏ. ਭਾਗ ਪਹਿਲਾ ਵਿੱਚ ਦਾਖ਼ਲਾ ਵੀ ਲਿਆ। ਮਹੀਨੇ ਦੋ ਮਹੀਨੇ ਬਾਅਦ ਦੋ ਚਾਰ ਦਿਨਾਂ ਲਈ ਪਿੰਡ ਜਾ ਆਉਂਦਾ। ਜਿਆਦਾ ਸਮਾਂ ਚੰਡੀਗੜ੍ਹ ਰਹਿਣਾ ਹੀ ਪਸੰਦ ਕਰਦਾ। ਦੋ ਚਾਰ ਵਾਰ ਕੰਮ ਵੀ ਬਦਲ ਲਿਆ। ਹੁਣ ਬੀ.ਏ. ਤੀਜੇ ਸਾਲ ਦੇ ਇਮਤਿਹਾਨਾਂ ਦੀ ਤਿਆਰੀ ਚੱਲ ਰਹੀ ਸੀ, ਨਾਲ ਨਾਲ ਕੰਪਿਊਟਰ ਕੋਰਸ ਵੀ ਕਰ ਚੁੱਕਿਆ ਸੀ, ਜਿਸ ਕਰਕੇ ਇੱਕ ਮਲਟੀਨੈਸ਼ਨਲ ਕੰਪਨੀ ਵਿੱਚ ਕੰਪਿਉਟਰ ਆਪਰੇਟਰ ਦੀ ਚੰਗੀ ਤਨਖਾਹ 'ਤੇ ਨੌਕਰੀ ਵੀ ਲੱਗ ਗਈ।

ਤੀਜੇ ਸਾਲ ਦਾ ਨਤੀਜਾ ਆਇਆ ਤਾਂ ਕੁੱਲ਼ ਮਿਲਾ ਕੇ ਇਸ ਵਾਰ ਵੀ 72 ਪ੍ਰਤੀਸ਼ਤ ਅੰਕ ਪ੍ਰਾਪਤ ਕਰ ਗਿਆ। ਪਰਵਾਰ ਵਾਲੇ ਬਹੁਤ ਖੁਸ਼ ਹੋਏ। ਤਿੰਨਾਂ ਸਾਲਾਂ ਦੀ ਸਖਤ ਮਿਹਨਤ ਨਾਲ ਜਿੱਥੇ ਆਪ ਹੁਣ ਗ੍ਰੇਜੁਏਟ ਹੋ ਚੁੱਕਿਆ ਸੀ ਅਤੇ ਨਾਲ ਹੀ ਇੱਕ ਕਾਲਜ ਵਿੱਚ ਪੀ.ਜੀ.ਡੀ.ਸੀ.ਏ ਲਈ ਦਾਖ਼ਲਾ ਲੈ ਲਿਆ। ਹੁਣ

ਤੱਕ ਉਹ ਘਰ ਵੀ ਦੋ ਲੱਖ ਰੁਪਏ ਦੀ ਰਕਮ ਦੇ ਚੁੱਕਿਆ ਸੀ ਤਾਂ ਕਿ ਛੋਟੇ ਦੇ ਵਿਆਹ ਲਈ ਘਰਵਾਲੇ ਵਰਤ ਸਕਣ। ਪਰ ਗੁਰਦਿੱਤ ਦੇ ਮਾਤਾ-ਪਿਤਾ ਗੁਰਦਿੱਤ ਦਾ ਵਿਆਹ ਪਹਿਲਾਂ ਕਰਨਾ ਚਾਹੁੰਦੇ ਸਨ, ਜਿਸ ਲਈ ਗੁਰਦਿੱਤ ਬਿਲਕੁਲ ਵੀ ਰਾਜ਼ੀ ਨਹੀਂ ਸੀ। ਭਾਵੇਂ ਸੁਹਣੇ ਪੈਸੇ ਧੇਲੇ ਕਮਾਉਂਦਾ ਸੀ, ਪੜ੍ਹ ਲਿਖ ਵੀ ਗਿਆ ਸੀ ਅਤੇ ਹੁਣ ਉਸਦਾ ਅਗਲਾ ਨਿਸ਼ਾਨਾ ਆਪਣਾ ਇਕ ਆਈ.ਟੀ. ਐਜੂਕੇਸ਼ਨ ਨਾਲ ਸਬੰਧੀ ਵਧੀਆ ਵਿੱਦਿਅਕ ਆਦਾਰਾ ਖੋਲ੍ਹਣਾ ਸੀ। ਆਪਣੀ ਪੜ੍ਹਾਈ ਵੀ ਜਾਰੀ ਰੱਖਣਾ ਚਾਹੁੰਦਾ ਸੀ।

ਇਸ ਗੱਲ ਤੋਂ ਅਕਸਰ ਘਰ ਵਿੱਚ ਤੂੰ-ਤੂੰ, ਮੈਂ-ਮੈਂ ਹੋਣ ਲੱਗ ਪਈ ਸੀ। ਗੁਰਦਿੱਤ ਚੰਡੀਗੜ੍ਹ ਜਾ ਕੇ ਪੂਰੀ ਤਰ੍ਹਾਂ ਆਪਣੀ ਮਨ ਮਰਜ਼ੀ ਦੀ ਜ਼ਿੰਦਗੀ ਜਿਉਂਦਾ ਸੀ, ਭਾਵੇਂ ਕਿ ਉਹ ਕਿਸੇ ਗ਼ਲਤ ਸੰਗਤ ਵਿੱਚ ਨਹੀਂ ਸੀ, ਪਰ ਮਾਤਾ-ਪਿਤਾ ਨੂੰ ਦੋਹਾਂ ਬੱਚਿਆਂ ਦੇ ਵਿਆਹਾਂ ਦਾ ਚਾਅ ਅਤੇ ਪਤੋਰਿਆਂ-ਪੋਤਰੀਆਂ ਨਾਲ ਖੇਡਣ ਦੀ ਉਮੰਗ ਵੀ ਸੀ, ਕਿ ਜਿਉਂਦੇ ਜੀਅ ਆਪਣੇ ਬੱਚਿਆਂ ਨੂੰ ਬੱਚਿਆਂ ਵਾਲੇ ਬਣੇ ਦੇਖ ਕੇ ਹੀ ਆਪੀ ਜੀਵਨ ਯਾਤਰਾ ਸਫਲ ਕਰੀਏ। ਗੁਰਦਿੱਤ ਆਪਣੇ ਪਹਿਲੇ ਵਿਆਹ ਦੇ ਕੌੜੇ ਤਜ਼ੁਰਬੇ ਨੂੰ ਭੁੱਲਿਆ ਨਹੀਂ ਸੀ। ਜਦੋਂ ਵੀ ਕੁੱਝ ਦਿਨਾਂ ਲਈ ਚੰਡੀਗੜ੍ਹੋਂ ਘਰ ਆਉਂਦਾ ਤਾਂ ਵਿਆਹ ਦੀ ਗੱਲ ਤੁਰਦੀ ਜੋ ਗਰਮਾ ਗਰਮੀ ਦਾ ਮਾਹੌਲ ਪੈਦਾ ਕਰਦੀ। ਇਸ ਕਰਕੇ ਹੁਣ ਉਸਨੇ ਘਰ ਆਉਣਾ ਘਟਾ ਦਿੱਤਾ, ਕਦੇ ਕਦੇ ਮਾਂ ਫੋਨ ਕਰਦੀ ਹਾਲ ਚਾਲ ਪੁੱਛਦੀ ਅਤੇ ਪਿਆਰ ਨਾਲ ਸਮਝਾਉਂਦੀ, ਫੋਨ 'ਤੇ ਗੁਰਦਿੱਤ ਹਰ ਗੱਲ ਆਰਾਮ ਨਾਲ ਸੁਣ ਲੈਂਦਾ, ਪਰ ਇਹ ਕਹਿ ਕੇ ਟਾਲ ਦਿੰਦਾ ਅਜੇ ਰੁੱਕ ਜਾਉ ਕਾਹਲੀ ਕਿਉਂ ਕਰਨੀ ਏ? ਪਹਿਲਾਂ ਵੀ ਕਾਹਲ਼ੀਆਂ ਦਾ ਨਤੀਜਾ ਵੇਖਿਆ ਹੀ ਹੈ। ਬਹੁਤਾ ਜ਼ੋਰ ਪਾਉਂਦੇ ਤਾਂ ਕਹਿ ਦਿੰਦਾ ਕਿ ਪੜ੍ਹਾਈ ਪੂਰੀ ਕਰਨ ਤੋਂ ਬਆਦ ਵਿਆਹ ਕਰਵਾ ਲਵਾਂਗਾ। ਸੋ ਗੱਲ ਆਈ ਗਈ ਹੋ ਜਾਂਦੀ।

ਪੀ.ਜੀ.ਡੀ.ਸੀ.ਏ ਦੀ ਪੜ੍ਹਾਈ ਮੁਕੰਮਲ ਹੋ ਗਈ ਤਾਂ ਨਾਲ ਹੀ ਗੁਰਦਿੱਤ ਨੇ ਐੱਮ.ਏ. ਪੰਜਾਬੀ ਲਈ ਦਾਖ਼ਲਾ ਭਰ ਲਿਆ। ਕੰਪਿਊਟਰ ਦੀ ਪੜ੍ਹਾਈ ਅਤੇ ਤਜ਼ੁਰਬੇ ਕਾਰਣ ਉਸਨੂੰ ਕੰਪਨੀ ਵਿੱਚ ਕੰਪਿਊਟਰ ਦੀ ਥਾਂ ਸੀਨੀਅਰ ਐਗਜ਼ੀਕਿਊਟਵ ਬਣਾ ਦਿੱਤਾ ਗਿਆ। ਨੌਕਰੀ ਵਿੱਚ ਹੋਈ ਤਰੱਕੀ ਬਾਰੇ ਤਾਂ ਘਰ ਵਿੱਚ ਗੁਰਦਿੱਤ ਨੇ ਦੱਸ ਦਿੱਤਾ, ਪਰ ਅਗੋਂ ਹੋਰ ਪੜ੍ਹਾਈ ਸ਼ੁਰੂ ਕਰ ਲਈ ਹੈ ਇਸ ਬਾਰੇ ਕੁੱਝ ਨਾ ਦੱਸਿਆ। ਐੱਮ.ਏ ਪੰਜਾਬੀ ਵਿੱਚ ਉਸਨੂੰ ਕਾਫੀ ਪੰਜਾਬੀ ਸਾਹਿਤ ਪੜ੍ਹਨਾ ਪੈ ਰਿਹਾ ਸੀ ਅਤੇ ਇਹ ਉਸਦਾ ਬਹੁਤ ਵਧੀਆ ਅਨੁਭਵ ਹੋ ਰਿਹਾ ਸੀ। ਇੱਕ ਦਿਨ ਬੈਠੇ ਬੈਠੇ ਉਸਨੂੰ ਆਪਣੀ ਟਿਊਸਨ ਵਾਲੀ ਮੈਡਮ ਦੀਆਂ ਕਹੀਆਂ

ਗੱਲਾਂ ਯਾਦ ਆਈਆਂ। ਜਦ ਉਹ ਬਾਰਵੀਂ ਜਮਾਤ ਦੀ ਟਿਊਸਨ ਪੜ੍ਹਨ ਜਾਂਦਾ ਹੁੰਦਾ ਸੀ ਅਤੇ ਕੁੱਝ ਸਤਰਾਂ ਉਹਨੇ ਲਿਖੀਆਂ ਸਨ ਅਤੇ ਮੈਡਮ ਨੇ ਕਿਹਾ ਸੀ, 'ਬਾਰਵੀਂ 'ਚ ਪੜ੍ਹਨ ਵਾਲਾ ਐਡਾ ਵਧੀਆ ਕਿਵੇਂ ਲਿਖ ਸਕਦਾ ਹੈ? ਖੈਰ! ਤੂੰ ਰੁਕੀ ਨਾਂਹ। ਕੁੱਝ ਨਾ ਕੁੱਝ ਲਿਖਦਾ ਰਿਹਾ ਕਰ। ਤੂੰ ਲਿਖ ਸਕਦਾ ਹੈ, ਤੇਰੇ ਅੰਦਰ ਇਹ ਪ੍ਰਤਿਭਾ ਲੁਕੀ ਹੋਈ ਹੈ, ਇਸ ਨੂੰ ਹੋਰ ਨਿਖਾਰੇਂਗਾ ਤਾਂ ਇਸ ਵਿੱਚ ਬਹੁਤ ਚਮਕ ਆਵੇਗੀ ਅਤੇ ਇਸਦੀ ਚਮਕ ਨਾਲ ਤੂੰ ਵੀ ਇੱਕ ਦਿਨ ਬਹੁਤ ਚਮਕੇਂਗਾ।'

ਉਸਨੇ ਆਪਣੀ ਕੁੱਝ ਪੁਰਾਣੀਆਂ ਲਿਖਤਾਂ ਨੂੰ ਸੋਸ਼ਲ ਮੀਡੀਆ 'ਤੇ ਸਾਂਝਾ ਕੀਤਾ। ਬਹੁਤ ਹਾਂ-ਪੱਖੀ ਪ੍ਰਤੀਕਿਰਿਆਵਾਂ ਆਈਆਂ ਤਾਂ ਉਸਨੇ ਚੰਡੀਗੜ੍ਹ ਤੋਂ ਛੱਪਣ ਵਾਲੇ ਕੁੱਝ ਪੰਜਾਬੀ ਅਖ਼ਬਾਰਾਂ ਵਿੱਚ ਆਪਣੀਆਂ ਰਚਨਾਵਾਂ ਭੇਜੀਆਂ ਜੋ ਬਹੁਤ ਜਲਦੀ ਪ੍ਰਕਾਸ਼ਿਤ ਹੋ ਗਈਆਂ। ਪਾਠਕਾਂ ਦੇ ਸੈਂਕੜੇ ਫੋਨ ਉਹਨੂੰ ਆਏ, ਜਿਸ ਨਾਲ ਉਹ ਗਦਗਦ ਹੋ ਗਿਆ। ਇਸ ਗੱਲ ਦੀ ਘਰ ਵਿੱਚ ਵੀ ਕਾਫੀ ਚਰਚਾ ਹੋਈ, ਪਰ ਨਾਲ ਹੀ ਅਗਲੇਰੀ ਪੜ੍ਹਾਈ ਬਾਰੇ ਵੀ ਪਤਾ ਲੱਗ ਗਿਆ।

ਸਖ਼ਤੀ ਨਾਲ ਗੁਰਦਿੱਤ ਨੂੰ ਵਾਪਸ ਘਰ ਆਉਣ ਨੂੰ ਕਿਹਾ। ਆਉਂਦੇ ਸ਼ਨੀਵਾਰ ਰਾਤ ਉਹ ਚੰਡੀਗੜੋਂ ਘਰ ਵਾਪਸ ਗਿਆ। ਰਾਤ ਨੂੰ ਤਾਂ ਕਿਸੇ ਨੇ ਕੋਈ ਗੱਲ ਨਾ ਕੀਤੀ। ਸਵੇਰ ਹੋਈ ਤਾਂ ਅਖ਼ਬਾਰ ਦੇ ਮੁੱਖ ਪੰਨੇ 'ਤੇ ਗੁਰਦਿੱਤ ਦੀ ਰਚਨਾ, ਫ਼ੋਟੋ ਸਮੇਤ ਛੱਪੀ ਹੋਈ ਸੀ। ਕਰਤਾਰ ਪੁੱਤ ਦੀ ਫ਼ੋਟੋ ਅਖ਼ਬਾਰ ਦੇ ਪਹਿਲੇ ਸਫ਼ੇ 'ਤੇ ਵੇਖ ਕੇ ਬਹੁਤ ਖੁਸ਼ ਹੋਇਆ। ਇਸ ਉਸਦਾ ਮੁੜ ਮਨ ਨਾ ਕੀਤਾ ਕਿ ਇੱਕ ਦਿਨ ਛੁੱਟੀ ਆਏ ਪੁੱਤ ਨੂੰ ਨਾਰਾਜ਼ ਕਰੇ। ਸਾਰਾ ਦਿਨ ਗੁਰਦਿੱਤ ਪਾਠਕਾਂ ਦੇ ਦੂਰੋਂ-ਨੇੜਿਉਂ ਆਉਂਦੇ ਫੋਨ ਸੁਣਦਾ ਰਿਹਾ। ਉਸਦਾ ਬਹੁਤ ਉਤਸ਼ਾਹ ਵਧਿਆ।

ਸ਼ਾਮੀਂ ਇੱਕ ਪ੍ਰਕਾਸ਼ਕ ਦਾ ਫੋਨ ਆਇਆ ਕਿ ਉਸਦੀਆਂ ਜੇਕਰ ਹੋਰ ਲਿਖਤਾਂ ਹਨ ਤਾਂ ਅਸੀਂ ਉਸਦੀ ਕਿਤਾਬ ਛਾਪਣ ਲਈ ਤਿਆਰ ਹਾਂ। ਸਬੱਬੀਂ ਇਹ ਪ੍ਰਕਾਸ਼ਨ ਵੀ ਚੰਡੀਗੜ੍ਹ ਤੋਂ ਹੀ ਸਬੰਧ ਰੱਖਦਾ ਸੀ। ਗੁਰਦਿੱਤ ਨੇ ਆਪਣੇ ਬਾਰੇ ਦੱਸਿਆ ਕਿ ਉਹ ਵੀ ਚੰਡੀਗੜ੍ਹ ਵਿਖੇ ਹੀ ਨੌਕਰੀ ਕਰਦਾ ਹੈ ਅਤੇ ਪੜ੍ਹਾਈ ਵੀ ਜਾਰੀ ਹੈ। ਜਲਦੀ ਉਹ ਚੰਡੀਗੜ੍ਹ ਆ ਕੇ ਉਹਨਾਂ ਨੂੰ ਮਿਲੇਗਾ।

ਸ਼ਾਮਾਂ ਪਈਆਂ ਤਾਂ ਰਿਸ਼ਤੇਦਾਰੀ ਵਿੱਚੋਂ ਹੀ ਕੋਈ ਸੱਜਣ ਉਹਨਾਂ ਦੇ ਘਰ ਆਇਆ, ਉਸਨੇ ਨੇੜੇ ਦੇ ਇੱਕ ਪਿੰਡ ਦੀ ਕੁੜੀ ਦੀ ਦੱਸ ਪਾਈ, ਕਿ ਕੁੜੀ ਬਹੁਤ ਸੁਹਣੀ, ਲੰਮੀ-ਉੱਚੀ ਅਤੇ ਗ੍ਰਜੁਏਟ ਹੈ। ਉਸਦਾ ਵੀ ਕਿਸੇ ਕਾਰਣ ਛੱਡ-ਛਡਾਅ ਹੋਇਆ ਹੈ, ਅਗੋਂ ਬੰਦੇ ਸਹੀ ਨਹੀਂ ਸਨ ਟੱਕਰੇ। ਕੁੜੀ ਮਸਾਂ ਦੋ ਕੁ ਮਹੀਨੇ ਹੀ ਸਹੁਰੇ ਰਹੀ ਹੈ। ਪਰਵਾਰ ਬਹੁਤ ਚੰਗਾ ਹੈ ਅਤੇ ਸਾਡੀ ਨੇੜੇ ਦੀ ਰਿਸ਼ਤੇਦਾਰੀ ਹੈ

ਸਾਰੀ ਜ਼ਿੰਮੇਵਾਰੀ ਸਾਡੀ ਹੈ।

ਕਰਤਾਰ ਸਿੰਘ ਸ਼ਸ਼ੋਪੰਜ ਜਿਹਾ ਪੈ ਗਿਆ ਕਹਿਣ ਲੱਗਾ, 'ਗੱਲ ਤਾਂ ਠੀਕ ਹੈ! ਇਹਦੀ ਵੀ ਉਮਰ ਵੱਧਦੀ ਜਾ ਰਹੀ ਹੈ। ਕੰਮ ਕਾਰ ਵੀ ਹੁਣ ਵਧੀਆ ਸੈੱਟ ਹੈ, ਪੜ੍ਹਾਈ ਲਿਖਾਈ ਵੀ ਸੁਹਣੀ ਕਰ ਲਈ ਹੁਣ ਅੱਜਕੱਲ੍ਹ ਤਾਂ ਮੇਰੇ ਪੁੱਤ ਦੀਆਂ ਫ਼ੋਟੋਆਂ ਵੀ ਆਉਂਦੀਆਂ ਅਖ਼ਬਾਰ ਵਿੱਚ। ਲੋਕ ਬਹੁਤ ਸਿਫਤਾਂ ਕਰਦੇ ਨੇ ਇਸਦੀਆਂ ਹਮੇਸ਼ਾਂ ਵਾਂਗ। ਪਰ ਇਹ ਵਿਆਹ ਨੂੰ ਮੰਨਦਾ ਨਹੀਂ। ਬੜੀ ਵਾਰ ਘਰ ਇਹਨਾਂ ਗੱਲਾਂ ਤੋਂ ਕਲੇਸ਼ ਪੈ ਚੁੱਕੀ ਹੈ। ਮੈਂ ਤਾਂ ਆਪ ਹੰਭ-ਥੱਕ ਗਿਆ ਹਾਂ। ਜ਼ਬਰਦਸਤੀ ਕਰਨ ਨੂੰ ਵੀ ਮਨ ਨਹੀਂ ਕਰਦਾ। ਇਹਦੇ ਚੱਕਰ ਵਿੱਚ ਛੋਟਾ ਵੀ ਕਈ ਵਾਰ ਕਾਹਲਾ ਪੈਂਦਾ ਏ। ਕੁੱਝ ਸਮਝ ਨਹੀਂ ਆਉਂਦੀ।'

'ਦਿਲ ਛੋਟਾ ਨਾ ਕਰੋ ਸਰਦਾਰ ਸਾਹਿਬ! ਬੱਚੇ ਇੱਦਾਂ ਹੀ ਕਰਦੇ ਹੁੰਦੇ। ਨਿਆਣੀ ਮੱਤ ਸਮਝਦੇ ਨਹੀਂ ਕਿ ਜ਼ਿੰਦਗੀ ਬਹੁਤ ਵੱਡੀ ਹੈ। ਬਿਨ੍ਹਾਂ ਸਾਥੀ ਤੋਂ ਬਿਨ੍ਹਾਂ ਪਰਵਾਰ ਤੋਂ ਕਾਹਦੀ ਜ਼ਿੰਦਗੀ? ਨਾਲੇ ਮਾਪਿਆਂ ਕਿਹੜਾ ਸਦਾ ਬੈਠੇ ਰਹਿਣਾ ਹੁੰਦੈ। ਤੁਸੀਂ ਕੋਈ ਨਾ ਕਰੋ ਗੱਲ, ਕੁੜੀ ਨੂੰ ਝਾਤੀ ਮਾਰ ਲਉ ਅਤੇ ਨਾਲ ਹੀ ਚੁੰਨੀ ਚੜ੍ਹਾਵਾ ਕਰ ਲਉ। ਕੁੜੀ ਅਤੇ ਕੁੜੀ ਦੇ ਪਰਵਾਰ ਦੀ ਸਾਰੀ ਜ਼ਿੰਮੇਵਾਰੀ ਮੇਰੀ ਰਹੀ। ਐਨਾ ਤਾਂ ਯਕੀਨ ਹੈ ਨਾ ਮੇਰੇ ਤੇ?' ਰਿਸ਼ਤੇਦਾਰ ਨੇ ਕਿਹਾ।

'ਠੀਕ ਹੈ ਅੱਜ ਰਾਤੀਂ ਗੱਲ ਕਰਦਾ ਹਾਂ।' ਕਰਤਾਰ ਸਿੰਘ ਨੇ ਕਿਹਾ।

ਪਹਿਲਾਂ ਤਾਂ ਕਰਤਾਰ ਸਿੰਘ ਨੇ ਜਸਵੰਤ ਕੌਰ ਨਾਲ ਰਿਸ਼ਤੇ ਬਾਰੇ ਗੱਲ ਕੀਤੀ ਅਤੇ ਪਿਆਰ ਨਾਲ ਗੁਰਦਿੱਤ ਨੂੰ ਸਮਝਾਉਣ ਲਈ ਕਿਹਾ ਤਾਂ ਜਸਵੰਤ ਕੌਰ ਨੇ ਗੁਰਦਿੱਤ ਨੂੰ ਮਿਲ ਕੇ ਆਪਣੀ ਗੱਲ ਸ਼ੁਰੂ ਕੀਤੀ ਅਤੇ ਰਿਸ਼ਤੇ ਬਾਰੇ ਦੱਸਿਆ। ਗੁਰਦਿੱਤ ਨੇ ਹਮੇਸ਼ਾਂ ਦੀ ਤਰ੍ਹਾਂ ਨਾਂਹ-ਨੁੱਕਰ ਹੀ ਕੀਤੀ। ਹਮੇਸ਼ਾਂ ਦੀ ਤਰ੍ਹਾਂ ਪਿਆਰ ਨਾਲ ਸ਼ੁਰੂ ਹੋਈ ਗੱਲ ਫਿਰ ਤਲਖੀ ਲੈ ਗਈ ਅਤੇ ਗਰਮਾ ਗਰਮੀ ਹੋ ਗਈ। ਕਰਤਾਰ ਸਿੰਘ ਨੇ ਵੀ ਭਰੇ ਮਨ ਨਾਲ ਗੁਰਦਿੱਤ ਨੂੰ ਬੁਰਾ ਭਲਾ ਕਿਹਾ ਅਤੇ ਆਪਣੇ ਕਰਮਾਂ 'ਤੇ ਪਛਤਾਵਾ ਕੀਤਾ ਕਿ ਸੱਤ ਸਾਲ ਝੋਲੀਆਂ ਅੱਡ-ਅੱਡ ਕੇ ਆਹ ਪੱਥਰ ਰੱਬ ਨੇ ਸਾਡੇ ਪੱਲੇ ਪਾ ਦਿੱਤਾ। ਅਸੀਂ ਇਸ ਦਾ ਕਿੱਥੇ ਸਾਥ ਨਹੀਂ ਦਿੱਤਾ। ਸ਼ੁਰੂ ਤੋਂ ਆਪਣੀਆਂ ਮਨ ਮਰਜ਼ੀਆਂ ਕਰਦਾ ਰਿਹਾ। ਕਦੇ ਮੈਂ ਆਹ ਕੰਮ ਨਹੀਂ ਕਰਨਾ ਕਦੇ ਮੈਂ ਉਹ ਕੰਮ ਨਹੀਂ ਕਰਨਾ, ਕਦੇ ਨੌਕਰੀ ਕਰਨੀ ਐ ਕਦੇ ਮੈਂ ਆਪਣਾ ਕਾਰੋਬਾਰ ਕਰਨਾ, ਹੁਣ ਹੋਰ ਨਹੀਂ ਪੜ੍ਹਨਾ ਕਦੇ ਫਿਰ ਪੜ੍ਹਨ ਬਹਿ ਜਾਂਦਾ। ਨਾ ਇਸ ਨੂੰ ਆਪਣੇ ਭਵਿੱਖ ਦਾ ਪਤਾ ਨਾ ਕੁੱਝ ਕਰਦਾ। ਇਹਦੇ ਚੱਕਰ ਵਿੱਚ ਅਸੀਂ ਡੁੱਬ ਗਏ ਹਾਂ।

ਪਰਵਾਰ ਵਿੱਚ ਫਿਰ ਦੁਖਦ ਮਾਹੌਲ ਬਣ ਗਿਆ। ਅਗਲੇ ਦਿਨ ਤੜਕੇ ਉੱਠ ਗੁਰਦਿੱਤ ਸਿੰਘ ਚੰਡੀਗੜ੍ਹ ਲਈ ਤਿਆਰ ਹੋਣ ਲੱਗ ਪਿਆ। ਮਾਂ ਨੇ ਫਿਰ ਕਿਹਾ, 'ਇੱਕ ਵਾਰ ਸੋਚ ਤਾਂ ਲੈ, ਚੱਲ ਮੇਰਾ ਪੁੱਤ ਕੁੜੀ ਦੇਖ ਲੈਂਦੇ ਹਾਂ, ਰੋਕਾ ਕਰ ਲਵਾਂਗੇ, ਵਿਆਹ ਜਦ ਦਿਲ ਕਰੂ ਕਰਵਾ ਲਵੀਂ। ਤੈਨੂੰ ਪਤੈ ਤਾਂ ਹੈ, ਮੇਰਾ ਆਪਣਾ ਬੀ.ਪੀ. ਘਟਿਆ-ਵਧਿਆ ਰਹਿੰਦਾ ਪਿਓ ਤੇਰੇ ਨੂੰ ਉਂਝ ਦਿਲ ਦਾ ਰੋਗ ਹੈ, ਘਰ ਵਿੱਚ ਨਿੱਤ ਦੀ ਕਲੇਸ਼ ਚੰਗੀ ਨਹੀਂ। ਮੇਰਾ ਸ਼ਿੰਦਾ ਪੁੱਤ! ਇੱਕ ਵਾਰ ਸੋਚ ਲਵੀਂ ਚੰਡੀਗੜ੍ਹ ਜਾ ਕੇ ਨਾਲੇ ਧਿਆਨ ਲਗਾ ਕੇ ਕੰਮ ਕਰੀ ਅਤੇ ਪੜ੍ਹਾਈ ਪੂਰੀ ਕਰੀਂ।'

ਗੁਰਦਿੱਤ ਚੰਡੀਗੜ੍ਹ ਰਵਾਨਾ ਹੋ ਗਿਆ ਅੱਜ ਉਹ ਤੁਰਨ ਲੱਗਾ ਆਪਣੇ ਬਾਪੂ ਨੂੰ ਨਾ ਮਿਲ ਕੇ ਗਿਆ ਅਤੇ ਨਾ ਹੀ ਕਰਤਾਰ ਸਿੰਘ ਹਮੇਸ਼ਾਂ ਦੀ ਤਰ੍ਹਾਂ ਗੇਟ ਤੱਕ ਆਇਆ। ਪਿਓ-ਪੁੱਤ ਦੋਵਾਂ ਨੂੰ ਰਾਤ ਦੀਆਂ ਗੱਲਾਂ ਦਾ ਗੁੱਸਾ ਸੀ। ਜਸਵੰਤ ਕੌਰ ਨੇ ਜ਼ਰੂਰ ਕਿਹਾ ਕਿ, 'ਉਹ ਤਾਂ ਨਿਆਣਾ ਹੈ, ਪਰ ਤੁਸੀਂ ਤਾਂ ਸਿਆਣੇ ਹੋ, ਬੱਚੇ ਤਾਂ ਜ਼ਿੱਦ ਕਰਦੇ ਹੀ ਹੁੰਦੇ ਆ, ਤੁਸੀਂ ਵੀ ਬੱਚਿਆਂ ਵਾਂਗ ਰੁੱਸ ਕੇ ਬਹਿ ਗਏ।'

ਤਿੰਨ ਕੁ ਦਿਨਾਂ ਬਾਅਦ ਗੁਰਦਿੱਤ ਨੂੰ ਘਰੋਂ ਛੋਟੇ ਭਰਾ ਦਾ ਫ਼ੋਨ ਆਇਆ ਕਿ ਬਾਪੂ ਨੂੰ ਹਾਰਟ ਅਟੈਕ ਆਇਆ ਹੈ, ਜਲਦੀ ਵਾਪਸ ਘਰ ਆ। ਗੁਰਦਿੱਤ ਨੇ ਉਸੇ ਵੇਲੇ ਛੁੱਟੀ ਲਈ ਅਤੇ ਭੱਜ ਪਿਆ। ਰਸਤੇ ਵਿੱਚ ਬਹੁਤ ਬੁਰੇ-ਬੁਰੇ ਖਿਆਲ ਆਏ। ਅਜੇ ਕੁੱਝ ਦਿਨ ਪਹਿਲਾਂ ਘਰ ਵਿੱਚ ਰਾਤ ਨੂੰ ਉਸਦੇ ਵਿਆਹ ਕਰਕੇ ਹੋਈ ਤਲਖੀ ਯਾਦ ਆਈ। ਚੰਡੀਗੜ੍ਹ ਆਉਣ ਵੇਲੇ ਬਾਪੂ ਨੂੰ ਮਿਲੇ ਬਿਨ੍ਹਾਂ ਆਉਣਾ, ਉਸਨੂੰ ਪਛਤਾਵੇ ਅਤੇ ਦੁੱਖ ਦੇ ਹੰਝੂ ਰੁਆ ਰਿਹਾ ਸੀ। ਜੇ ਬਾਪੂ ਨੂੰ ਕੁੱਝ ਹੋ ਗਿਆ ... ਤਾਂ ਸਾਰੀ ਜ਼ਿੰਦਗੀ ਲੋਕਾਂ ਨੂੰ ਕੀ ਮੂੰਹ ਵਿਖਾਵਾਂਗਾ? ਕਿਵੇਂ ਉਸ ਦਿਨ ਜਦ ਮੇਰੀ ਫ਼ੋਟੋ ਅਖ਼ਬਾਰ ਵਿੱਚ ਛੱਪੀ ਸੀ ਤਾਂ ਸਾਰਾ ਦਿਨ ਬਾਪੂ ਨੇ ਹੱਥਾਂ ਵਿੱਚੋਂ ਅਖ਼ਬਾਰ ਨਹੀਂ ਸੀ ਛੱਡੀ। ਬੇਬੇ ਦੱਸਦੀ ਹੁੰਦੀ ਸੀ, ਤੂੰ ਸਾਡੇ ਵਿਹੜੇ ਸੱਤਾਂ ਸਾਲ ਬਾਅਦ ਪੈਰ ਪਾਏ ਸੀ। ਬਾਪੂ ਨੇ ਪਿੰਡ ਦਾ ਕੋਈ ਘਰ ਨਹੀਂ ਸੀ ਛੱਡਿਆ, ਜਿੱਥੇ ਵੱਸਦੇ ਕਿਸੇ ਜੀਅ ਦਾ ਮੂੰਹ ਮਿੱਠਾ ਨਾ ਕਰਵਾਇਆ ਹੋਵੇ। ਅੱਜ ਤੱਕ ਤੇਰੀ ਹਰ ਜ਼ਿੱਦ ਅੱਗੇ ਝੁਕਿਆ ਰਹਿੰਦਾ ਏ। ਉਹ ਬੱਸ ਤੈਨੂੰ ਖ਼ੁਸ਼ ਵੇਖਣਾ ਚਾਹੁੰਦੇ, ਇਸੇ ਲਈ ਤੇਰੇ ਹਰ ਗਲਤ ਜਾਂ ਸਹੀ ਮੰਗ ਨੂੰ ਮੰਨ ਲੈਂਦਾ ਏ।

ਹਸਪਤਾਲ ਪਹੁੰਚ ਕੇ ਪਤਾ ਲੱਗਾ ਕਿ ਬਾਪੂ ਦੀ ਹਾਲਤ ਹੁਣ ਖ਼ਤਰੇ ਤੋਂ ਬਾਹਰ ਹੈ ਪਰ ਅਗੇ ਤੋਂ ਸਿਹਤ ਦਾ ਖ਼ਾਸ ਧਿਆਨ ਰੱਖਣ ਅਤੇ ਖਾਣ-ਪੀਣ ਦੇ ਬਹੁਤੇ ਪ੍ਰਹੇਜ਼ ਕਰਨੇ ਪੈਣਗੇ। ਛੁੱਟੀ ਮਿਲੀ ਤਾਂ ਸਾਰੇ ਘਰ ਜਾ ਪਹੁੰਚੇ। ਗੁਰਦਿੱਤ ਵੀ ਸਭਨਾਂ ਦੇ ਨਾਲ ਘਰ ਆਇਆ। ਕੰਪਨੀ ਵਿੱਚ ਫ਼ੋਨ ਕਰਕੇ, ਅਗਾਹੂੰ ਛੁੱਟੀ

ਹੋਰ ਵਧਾ ਲਈ। ਅੱਜ ਸ਼ਾਮੀਂ ਗੁਰਦਿੱਤ ਬਾਪੂ ਦੇ ਗਲ ਲੱਗ ਕੇ ਬਹੁਤ ਰੋਇਆ। ਕਹਿਣ ਲੱਗਾ, 'ਬਾਪੂ ਮੈਨੂੰ ਮੁਆਫ ਕਰ ਦੇ। ਮੈਂ ਕੁੱਝ ਜ਼ਿਆਦਾ ਹੀ ਖ਼ੁਦਗਰਜ਼ ਹੋ ਗਿਆ ਸਾਂ। ਹੁਣ ਮੈਂ ਚੰਡੀਗੜ੍ਹ ਵਿਆਹ ਕਰਵਾ ਕੇ ਹੀ ਮੁੜਨਾ ਅਤੇ ਤੁਸੀਂ ਵੀ ਫਟਾਫਟ ਕਾਇਮ ਹੋ ਜੋ, ਭੰਗੜੇ ਪਾਉਣ ਨੂੰ। ਸਾਰੀਆਂ ਰੀਝਾਂ ਨਾਲ ਵਿਆਹ ਕਰਾਂਗੇ। ਜਿਹੜੀ ਕੁੜੀ ਤੁਸੀਂ ਪਸੰਦ ਕਰੋਗੇ, ਉਹੀ ਇਸ ਘਰ ਦੀ ਨੂੰਹ ਬਣੇਗੀ।'

ਦੂਜੇ ਤੀਜੇ ਦਿਨ ਵਿਚੋਲੇ ਨੂੰ ਫੋਨ ਕੀਤਾ ਗਿਆ ਤਾਂ ਉਹਨੇ ਆਉਂਦੇ ਐਤਵਾਰ ਆਪਣੇ ਘਰ ਹੀ ਚਾਹ-ਪਾਣੀ ਦਾ ਪ੍ਰੋਗ੍ਰਾਮ ਰੱਖ ਲਿਆ। ਅਣਚਾਹੇ ਮਨ ਨਾਲ, ਪਰ ਮਾਪਿਆਂ ਦੀ ਖ਼ੁਸ਼ੀ ਲਈ, ਗੁਰਦਿੱਤ ਵੀ ਤਿਆਰ ਹੋ ਕੇ ਸਮੇਂ ਸਿਰ ਪਰਵਾਰ ਸਮੇਤ ਪਹੁੰਚ ਗਏ।

ਅਗੋਂ ਕੁੜੀ, ਉਸਦੀ ਮਾਂ ਅਤੇ ਉਸਦੇ ਭਰਾ-ਭਾਬੀ ਪਹਿਲਾਂ ਹੀ ਬੈਠੇ ਹੋਏ ਸਨ। ਚਾਹ-ਪਾਣੀ ਤੋਂ ਬਾਅਦ ਰਸਮੀਂ ਗੱਲਾਬਾਤਾਂ ਕੀਤੀਆਂ ਅਤੇ ਦੋਹਾਂ ਮੁੰਡੇ-ਕੁੜੀ ਨੂੰ ਕੁੱਝ ਕੁ ਮਿੰਟਾਂ ਵਿੱਚ ਦਹਾਕਿਆਂ ਲਈ ਜਿਉਣ ਵਾਲੀ ਜ਼ਿੰਦਗੀ ਵਾਸਤੇ ਫੈਸਲਾ ਲੈਣ ਲਈ ਕਿਹਾ ਗਿਆ। ਦੋਹੇਂ ਜਾਣੇ ਵੱਖਰੇ ਕਮਰੇ ਵਿੱਚ ਬੈਠੇ ਸਨ। ਦੋਵੇਂ ਜਾਣੇ ਚੁੱਪ ਅਤੇ ਜ਼ਮੀਨ 'ਤੇ ਨਜ਼ਰਾਂ ਗੱਡੀ, ਘਬਰਾਏ ਜਿਹੇ ਬੈਠੇ ਸਨ।

ਗੁਰਦਿੱਤ ਨੇ ਗੱਲ ਸ਼ੁਰੂ ਕੀਤੀ, 'ਤੁਹਾਡਾ ਨਾਮ ਕੀ ਹੈ?'

'ਜੀ, ਮੈਂ ਸਰਬਜੀਤ।' ਕੁੜੀ ਨੇ ਜੁਆਬ ਦਿੱਤਾ।

ਅੱਛਾ! ਫਿਰ ਯਾਨੀ ਕਿ ਛੋਟਾ ਨਾਮ ਸਰਬ ਹੋਣਾ ਫਿਰ ਘਰ ਵਿੱਚ ਤੁਹਾਡਾ? ਗੁਰਦਿੱਤ ਨੇ ਗੱਲਬਾਤ ਜਾਰੀ ਰੱਖਣ ਲਈ ਪੁੱਛਿਆ।

'ਜੀ! ਨਹੀਂ! ਘਰ ਵਿੱਚ ਸਾਰੇ ਜੀਤ ਜਾਂ ਜੀਤੀ ਪੁੱਤ ਕਹਿੰਦੇ ਨੇ।' ਕੁੜੀ ਨੇ ਜੁਆਬ ਦਿੱਤਾ।

'ਠੀਕ ਹੈ! ਜੇ ਤੁਸੀਂ ਰਿਸ਼ਤੇ ਨੂੰ ਹਾਂ ਕਰ ਦਿੱਤੀ ਤਾਂ ਸਾਡੇ ਘਰ ਤਾਂ ਸਰਬ ਹੀ ਕਿਹਾ ਕਰਨਗੇ।' ਗੁਰਦਿੱਤ ਨੇ ਮੁਸਕਰਾਉਂਦਿਆ ਕਿਹਾ।

ਹੁਣ ਫਿਰ ਦੋਵੇਂ ਚੁੱਪ ਸਨ।

ਗੁਰਦਿੱਤ ਨੇ ਮੁੜ ਗੱਲ ਸ਼ੁਰੂ ਕੀਤੀ, 'ਮੇਰੀ ਪਹਿਲੀ ਮੈਰਿਜ਼ ਲਾਈਫ ਕੁੱਝ ਗਲਤਫਹਿਮੀਆਂ ਕਰਕੇ ਖ਼ਰਾਬ ਹੋ ਗਈ ਸੀ। ਕੁੱਝ ਉਦੋਂ ਨਿਆਣੀ ਮੱਤ ਸੀ, ਨਾ ਬਹੁਤ ਪੜ੍ਹੇ ਲਿਖੇ ਸਾਂ ਨਾ ਹੀ ਸਿਆਣੇ, ਵੈਸੇ ਸਿਆਣੇ ਤਾਂ ਹੁਣ ਵੀ ਨਹੀਂ ਹਾਂ। ਮੇਰਾ ਸੁਪਨਾ ਆਪਣਾ ਕਾਰੋਬਾਰ ਸ਼ੁਰੂ ਕਰਨਾ ਹੈ। ਮੈਂ ਜ਼ਿੰਦਗੀ ਵਿੱਚ ਸਫਲ

ਇਨਸਾਨ ਬਣਨਾ ਚਾਹੁੰਦਾ ਹਾਂ। ਜ਼ਿੰਦਗੀ ਵਿੱਚ ਜੋ ਚਾਹੀਏ ਉਹ ਸਾਨੂੰ ਨਹੀਂ ਮਿਲਦਾ, ਪਰ ਜੇਕਰ ਜੀਵਨ ਸਾਥੀ ਚੰਗਾ ਮਿਲ ਜਾਵੇ, ਹਾਣ-ਪ੍ਰਾਣ ਦਾ ਹੋਵੇ, ਇੱਕ ਦੂਜੇ ਨੂੰ ਸਮਝਣ ਵਾਲਾ ਹੋਵੇ ਤਾਂ ਸਾਰੀ ਦੁਨੀਆ ਜਿੱਤੀ ਜਾ ਸਕਦੀ ਹੈ। ਅੱਜ ਮੈਂ ਹਜ਼ਾਰਾਂ ਰੁਪਏ ਕਮਾਉਂਦਾ ਹਾਂ, ਹੋ ਸਕਦੈ ਕੱਲ੍ਹ ਨੂੰ ਲੱਖਾਂ ਕਮਾਵਾਂ ਤੇ ਇਹ ਵੀ ਹੋ ਸਕਦੈ ਕਿ ਕੰਮ ਕਾਰ ਠੱਪ ਹੋ ਜਾਵੇ, ਪਰ ਮੈਂ ਚਾਹਾਂਗਾ ਕਿ ਜੀਵਣ ਸਾਥੀ ਹਰ ਔਖੇ ਸਮੇਂ ਵਿੱਚ ਮੇਰੀ ਤਾਕਣ ਬਣੇ, ਮੇਰਾ ਹੌਂਸਲਾ ਬਣੇ। ਮੈਨੂੰ ਪਤੈ ਮਾਂ ਦੇ ਢਿੱਡੋਂ ਜੰਮੇਂ ਦੋ ਸਕੇ ਭਰਾਵਾਂ ਦੇ ਸੁਭਾਅ ਵੀ ਆਪਸ 'ਚ ਮੇਲ ਨਹੀਂ ਖਾਂਦੇ ਪਰ ਮੈਂ ਇਉਂ ਮੰਨਦਾ ਹਾਂ ਕਿ ਜੇ ਦੋ ਲਾਈਫ ਪਾਰਟਨਰ ਤਾਂ ਹੀ ਸਫਲ ਜ਼ਿੰਦਗੀ ਜਿਊਂ ਸਕਦੇ ਹਨ, ਜੋ ਸੌ ਪ੍ਰਤੀਸ਼ਤ ਨਹੀਂ ਤਾਂ ਘੱਟੋ ਘੱਟ ਪੰਜਾਹ ਪ੍ਰਤੀਸ਼ਤ ਉਹਨਾਂ ਦੇ ਵਿਚਾਰ ਮਿਲਦੇ ਹੋਣ ਅਤੇ ਬਾਕੀ ਰਹੇ ਪੰਝੀ-ਪੰਝੀ ਇੱਕ ਦੂਜੇ ਦੀ ਮੰਨ ਲੈਣ ਤਾਂ ਹੋ ਗਈ ਪੰਝਤਰ ਫੀਸਦੀ ਸਾਂਝ ਬਾਕੀ ਰਹਿ ਗਏ ਪੰਝੀ ਪ੍ਰਤੀਸ਼ਤ ਉਹ ਇੱਕ ਦੂਜੇ ਨੂੰ ਆਜ਼ਾਦ ਰਹਿਣ ਦੇਣ ਤਾਂ ਹੋ ਗਏ ਪੂਰੇ ਸੌ।

ਸਰਬਜੀਤ ਬੱਸ ! ਸਾਰੀਆਂ ਗੱਲਾਂ ਸੁਣਦੀ ਰਹੀ।

ਗੁਰਦਿੱਤ ਬੋਲਦਾ ਗਿਆ, 'ਮੈਂ ਬਹੁਤ ਮਜ਼ਾਕੀਆ ਅਤੇ ਹਰਫਨ ਮੌਲਾ ਜਿਹਾ ਹਾਂ। ਥੌੜ੍ਹਾ ਮਨ ਦਾ ਮੌਜ਼ੀ ਹਾਂ। ਮੈਂ ਕਿਸੇ ਦਾ ਦਿੱਲ ਨਹੀਂ ਦੁਖਾ ਸਕਦਾ। ਮੈਨੂੰ ਪਤਾ ਤੁਹਾਡੀ ਵੀ ਮੈਰਿਡ ਲਾਈਫ ਇੱਕ ਵਾਰ ਖ਼ਰਾਬ ਹੋ ਚੁੱਕੀ ਸੋ ਅਸੀਂ ਦੋਵੇਂ ਇੱਕੋ ਜਿਹੇ ਦੁੱਖ ਨੂੰ ਭੋਗ ਚੁੱਕੇ ਹਾਂ। ਇੱਕ ਦੂਜੇ ਦੇ ਜ਼ਖਮਾਂ 'ਤੇ ਮੱਲ੍ਹਮ ਲਗਾ ਕੇ,ਅਸੀਂ ਆਪਣੀ ਜ਼ਿੰਦਗੀ ਸ਼ੁਰੂ ਕਰ ਸਕਦੇ ਹਾਂ। ਹੁਣ ਤੁਸੀਂ ਬੋਲੋ ! ਕਿਉਂਕਿ ਇਹ ਪਹਿਲਾ ਨਹੀਂ ਆਖਰੀ ਮੌਕਾ ਹੈ ਸਾਡੇ ਹੈ ਕੋਲ, ਆਪਣੀ ਗੱਲ ਕਰਨ ਦਾ, ਵਿਆਹ ਤੋਂ ਬਾਅਦ ਫਿਰ ਤਜ਼ੁਰਬਾ ਤੁਹਾਡਾ ਵੀ ਹੈ ਅਤੇ ਮੇਰਾ ਵੀ। ਇਸ ਲਈ ਬਹੁਤ ਸੋਚ ਕੇ ਫੈਸਲਾ ਕਰਨਾ। ਹੁਣ ਤੁਸੀਂ ਕੁੱਝ ਬੋਲੋ।'

'ਠੀਕ ਹੈ !' ਸਰਬਜੀਤ ਇੰਨਾ ਹੀ ਬੋਲੀ ਸੀ ਕਿ ਉਸਦੀ ਭਾਬੀ ਉਸਨੂੰ ਕਮਰੇ ਵਿੱਚੋਂ ਬਾਹਰ ਲਿਜਾਣ ਲਈ ਆ ਗਈ ਅਤੇ ਗੁਰਦਿੱਤ ਨੂੰ ਵੀ ਕਿਹਾ ਆ ਜਾਉ ਬਾਹਰ ਸਾਰੇ ਬੁਲਾ ਰਹੇ ਹਨ।

ਗੁਰਦਿੱਤ ਹੈਰਾਨ ਹੋਇਆ ਸੱਭ ਵੱਲ ਝਾਕ ਰਿਹਾ ਸੀ, ਵਈ ਜੇ ਹੁਣ ਦੋਵਾਂ ਨੂੰ ਬੈਠਣ ਦਾ ਮੌਕਾ ਦਿੱਤਾ ਹੀ ਸੀ ਤਾਂ ਘੱਟੋਂ ਘੱਟ ਗੱਲ ਕਰਨਾ ਦਾ ਸਮਾਂ ਤਾਂ ਦੇ ਦਿੰਦੇ। ਉਸਦੀ ਭਾਬੀ ਸਰਬਜੀਤ ਨੂੰ ਵੱਖਰੇ ਕਮਰੇ ਵਿੱਚ ਲੈ ਗਈ ਅਤੇ ਗੁਰਦਿੱਤ ਬਾਹਰ ਆਪਣੇ ਮਾਤਾ ਪਿਤਾ ਕੋਲ ਆ ਕੇ ਬੈਠ ਗਿਆ।

ਮਾਂ ਨੇ ਕਿਹਾ, 'ਗੁਰੀ ਪੁੱਤ! ਕਿੱਦਾਂ ਲੱਗੀ ਕੁੜੀ? ਕੁੜੀ ਤਾਂ ਸੁਹਣੀ ਹੈ, ਲੰਮੀ ਉੱਚੀ, ਪੜ੍ਹੀ ਲਿਖੀ? ਕੀ ਗੱਲ ਬਾਤ ਹੋਈ?'

ਗੁਰਦਿੱਤ ਨੇ ਕਿਹਾ, ਪੰਜ ਮਿੰਟਾਂ ਵਿੱਚ ਕਿਹੜੀਆਂ ਗੱਲਾਂ ਹੁੰਦੀਆਂ ਨੇ? ਉਹਨੇ ਤਾਂ ਅਜੇ ਬੋਲਣਾ ਸੀ। ਮੈਨੂੰ ਕੁੜੀ ਠੀਕ-ਠਾਕ ਲੱਗੀ ਏ। ਬਾਕੀ ਤੁਸੀਂ ਵੇਖ ਲਉ।'

'ਲੈ ਹੋਰ ਕਿਹੋ ਜਿਹੀਆਂ ਹੁੰਦੀਆਂ ਕੁੜੀਆਂ? ਹੁਣ ਤੈਨੂੰ ਹੂਰ ਪਰੀ ਤਾਂ ਮਿਲ ਨਹੀਂ ਜਾਣੀ, ਅੱਗੇ ਹੂਰ ਪਰੀ ਵੀ ਵਿਆਹ ਕੇ ਵੇਖਿਆ ਹੀ ਸੀ ਨਾਂਹ? ਬੰਦੇ ਚੰਗੇ ਨੇ, ਆਪਣੀ ਜ਼ਾਤ ਬਿਰਾਦਰੀ ਵਿੱਚੋਂ ਹੀ ਨੇ? ਵਿਚੋਲਾ ਸਾਰੀ ਜ਼ਿੰਮੇਵਾਰੀ ਚੁੱਕਦਾ ਹੈ ਖਾਨਦਾਨ ਦੀ। ਨਾਲੇ ਪੁੱਤ ਆਪਾਂ ਨੂੰ ਤਾਂ ਸੇਵਾ ਕਰਨ ਵਾਲੀ ਕੁੜੀ ਚਾਹੀਦੀ ਹੈ।'

ਇੰਨੇ ਨੂੰ ਵਿਚੋਲੇ ਨੇ ਕਿਹਾ, 'ਹੁਣ ਸੋਚਦੇ ਕੀ ਹੋ? ਫਟਾਫਟ ਡੱਬਾ ਲਿਆਓ ਅਤੇ ਮੂੰਹ ਮਿੱਠੇ ਕਰਵਾਉ? ਇਕ ਦੂਜੇ ਦੇ।'

ਕਰਤਾਰ ਸਿੰਘ ਨੇ ਛੋਟੇ ਬੇਟੇ ਨੂੰ ਇਸ਼ਾਰਾ ਕੀਤਾ ਤਾਂ ਉਹ ਹਲਵਾਈ ਦੀ ਦੁਕਾਨ ਵੱਲ ਨੂੰ ਬੱਗ ਤੁਰਿਆ। ਗੁਰਦਿੱਤ ਅਜੇ ਵੀ ਸੋਚਾਂ ਵਿੱਚ ਸੀ ਕੀ ਸਚੁਮੱਚ ਸਰਬਜੀਤ ਨੂੰ ਮੈਂ ਪਸੰਦ ਹਾਂ? ਕਿਉਂਕਿ ਸ਼ਾਇਦ ਦੋਵੇਂ ਇੱਕ ਦੂਜੇ ਨੂੰ ਜੱਚੇ ਜਿਹੇ ਨਹੀਂ ਸਨ ਇਹ ਗੱਲ ਗੁਰਦਿੱਤ ਦਾ ਦਿਲ ਵੀ ਕਹਿ ਰਿਹਾ ਸੀ ਅਤੇ ਦਿਮਾਗ ਵੀ। ਕੁੜੀ ਗੁੰਮਸੁੰਮ ਜਿਹੀ ਸੀ। ਗੁਰਦਿੱਤ ਨੂੰ ਇਕ ਅਜੀਬ ਤਰ੍ਹਾਂ ਦਾ ਡਰ ਸਤਾ ਰਿਹਾ ਸੀ, ਉਸਨੇ ਆਪਣੇ ਚਚੇਰੇ ਭਰਾ ਨਾਲ ਵੀ ਗੱਲ ਕੀਤੀ ਜੋ ਨਾਲ ਗਿਆ ਸੀ ਤਾਂ ਉਹਨੇ ਵੀ ਹੱਸ ਕੇ ਜੁਆਬ ਦੇ ਦਿੱਤਾ, 'ਹੋਰ ਮਾਮਾ ਤੈਨੂੰ ਕੀ ਚਾਹੀਦੇ, ਐਡੀ ਸੁਹਣੀ ਭਾਬੀ ਸਾਡੀ, ਬੱਸ ਚੁੱਪ ਰਹਿ ਹੁਣ। ਉਹ ਵੇਖ ਇਕ ਹਫ਼ਤਾ ਪਹਿਲਾਂ ਹਸਪਤਾਲ ਵਿੱਚ ਨਿੰਮੋਝੂਣਾ ਹਸਪਤਾਲ ਵਿੱਚ ਪਿਆ ਤਾਇਆ ਕਿਵੇਂ ਫੁੱਲ ਵਾਂਗ ਖਿੜਿਆ ਪਿਐ ਅਤੇ ਤਾਈ ਵੱਲ ਵੇਖ। ਭਰਾਵਾ ਤੇਰੇ ਤੋਂ ਬਾਅਦ ਛੋਟੇ ਭਾਈ ਦਾ ਵੀ ਨੰਬਰ ਲਗੂ।'

ਮਠਿਆਈਆਂ ਦੇ ਡੱਬਿਆਂ ਦੀ ਅਦਲੀ ਬਦਲੀ ਹੋ ਗਈ। ਮੋਬਾਇਲਾਂ ਵਿੱਚ ਤਸਵੀਰਾਂ ਕੈਦ ਹੋ ਗਈਆਂ। ਘਰ ਆ ਕੇ ਰਿਸ਼ਤੇਦਾਰਾਂ ਨੂੰ ਫੋਨ ਖੜਕਾ ਦਿੱਤੇ ਅਤੇ ਰੋਕੇ ਦੀਆਂ ਫ਼ੋਟੋਆਂ ਸੈਂਡ ਕਰ ਦਿੱਤੀਆਂ ਗਈਆਂ। ਹਰ ਪਾਸੇ ਖ਼ੁਸ਼ੀਆਂ-ਖੇੜੇ ਜਿਹਾ ਮਾਹੌਲ ਬਣ ਗਿਆ। ਸੱਭ ਨੇ ਕੁੜੀ ਦੀ ਸੁੰਦਰਤਾ ਦੀ ਤਾਰੀਫ ਕੀਤੀ।

# 6

ਹਰ ਪਾਸੇ ਖ਼ੁਸ਼ੀਆਂ ਦਾ ਮਾਹੌਲ ਬਣ ਚੁੱਕਿਆ ਸੀ।

ਦੋ ਘਰ ਜੁੜ ਜਾਣ ਦਾ ਚਾਅ ਪੂਰੇ ਪਰਵਾਰ ਨੂੰ ਸੀ।

ਤੀਜੇ ਦਿਨ ਹੀ ਵਿਚੋਲੇ (ਸੰਤੋਖ ਸਿੰਘ) ਦਾ ਫ਼ੋਨ ਆ ਗਿਆ ਅਤੇ ਕਰਤਾਰ ਸਿੰਘ ਨੂੰ ਕਹਿਣ ਲੱਗਾ, 'ਕਿੱਦਾਂ ਫਿਰ ਸਰਦਾਰ ਸਾਬ੍ਹ, ਕਰੀਏ ਮੁੰਡੇ ਦੇ ਵਿਆਹ ਦੀਆਂ ਤਿਆਰੀਆਂ?' ਕੁੜੀ ਵਾਲਿਆਂ ਨਾਲ ਵੀ ਗੱਲ ਹੋ ਗਈ ਆ, ਉਹ ਕਹਿੰਦੇ ਭਾਵੇਂ ਅੱਜ ਕੁੜੀ ਲੈ ਜਾਓ। ਹੁਣ ਤੁਸੀਂ ਦੱਸੋ ਕਿੱਦਾਂ ਕਰਨੀ ਹੈ?'

ਕਰਤਾਰ ਸਿੰਘ ਨੇ ਜੁਆਬ ਦਿੱਤਾ, 'ਐਨੀ ਜਲਦੀ ਕੀ ਠੀਕ ਰਹੇਗਾ? ਵੈਸੇ ਤਾਂ ਕੋਈ ਗੱਲ ਨਹੀਂ, ਪਰ ਗੁਰਦਿੱਤ ਦੇ ਮੂਡ ਦਾ ਨਹੀਂ ਪਤਾ।'

ਵਿਚੋਲਾ ਕਹਿਣ ਲੱਗਾ, 'ਉਹ ਛੱਡੋ ਭਾਅ ਜੀ! ਮੁੰਡੇ ਦਾ ਮੂਡ ਤਾਂ ਹੁਣ ਬਣਿਆ ਹੀ ਪਿਐ, ਤੁਸੀਂ ਨਾਲ ਹੀ ਕੰਮ ਨਿਬੇੜ ਦਿਓ, ਅੱਜ ਨਹੀਂ ਤਾਂ ਕੱਲ੍ਹ ਨੂੰ ਵੀ ਤਾਂ ਕਰਨਾ ਹੀ ਹੈ। ਨਾਲੇ ਸਮੇਂ ਸਿਰ ਕੰਮ ਕੀਤੇ ਚੰਗੇ ਹੁੰਦੇ ਆ। ਨਹੀਂ ਤਾਂ ਭਾਨੀਮਾਰਾਂ ਦਾ ਕੀ ਲੋਹੜਾ ਹੈ ਦੁਨੀਆ 'ਤੇ। ਕੁੜੀ ਮੁੰਡਾ ਆਪਾਂ ਰੋਕ ਲਏ ਆ। ਤੁਸੀਂ ਬੱਸ ਗੱਲ ਕਰੋ ਬੇਟੇ ਨਾਲ।'

ਕਰਤਾਰ ਸਿੰਘ ਨੇ ਘਰ ਪਰਵਾਰ ਵਿੱਚ ਸਾਰੀ ਗੱਲਬਾਤ ਕੀਤੀ। ਜਸਵੰਤ ਕੌਰ ਨੇ ਤੁਰੰਤ ਹਾਂ ਕਰ ਦਿੱਤੀ ਅਤੇ ਗੁਰਦਿੱਤ ਸਿੰਘ ਨੇ ਅਜੇ ਟਾਲ ਮਟੋਲ ਕੀਤਾ ਪਰ ਮਾਤਾ-ਪਿਤਾ ਦੀ ਜ਼ਿੱਦ ਅੱਗੇ ਉਹਨੂੰ ਵੀ ਝੁਕਣਾ ਪੈ ਗਿਆ। ਕਰਤਾਰ ਸਿੰਘ ਅਤੇ ਲੜਕੀ ਸਰਬ ਦਾ ਪਰਿਵਾਰ ਅਗਲੇ ਦਿਨ ਹੀ ਵਿਚੋਲੇ ਘਰ ਚਾਹ ਪਾਣੀ ਪੀਣ ਦੇ ਬਹਾਨੇ ਇਕੱਠੇ ਹੋਏ ਅਤੇ ਆਉਂਦੇ ਐਤਵਾਰ ਨੂੰ ਵਿਆਹ ਪੱਕਾ ਕਰ ਦਿੱਤਾ। ਕਰਤਾਰ ਸਿੰਘ ਨੇ ਗੁਰਦਿੱਤ ਨਾਲ ਫ਼ੋਨ 'ਤੇ ਗੱਲ ਕੀਤੀ ਤਾਂ ਗੁਰਦਿੱਤ ਨੇ ਇੰਨਾ ਹੀ ਕਿਹਾ, 'ਬਾਪੂ ਜੀ ਜਿਵੇਂ ਤੁਹਾਨੂੰ ਠੀਕ ਲੱਗੇ।'

ਸੋ ਐਤਵਾਰ ਹੀ ਸਵੇਰੇ ਪਹਿਲਾਂ ਸ਼ਗਨ ਦੀ ਰਸਮ ਅਤੇ ਨਾਲ ਹੀ 12ਵਜੇ ਤੋਂ ਪਹਿਲਾਂ ਅਨੰਦ ਕਾਰਜ ਦੀ ਗੱਲ ਪੱਕੀ ਹੋ ਗਈ। ਲੋਕ ਵਿਖਾਵਾ ਨਾ

ਕਰਨ ਦੇ ਹਿੱਤ ਸਾਦਾ ਵਿਆਹ ਕਰਨ ਨੂੰ ਤਰਜ਼ੀਹ ਦਿੱਤੀ ਗਈ। ਦਾਜ ਦਹੇਜ ਦਾ ਤਾਂ ਗੁਰਦਿੱਤ ਦੇ ਪਰਵਾਰ ਨੂੰ ਪਹਿਲਾਂ ਵੀ ਕੋਈ ਲਾਲਚ ਨਹੀਂ ਸੀ ਅਤੇ ਨਾ ਹੀ ਹੁਣ। ਸੋ ਵਿਚੋਲੇ ਨੇ ਦੋਹਾਂ ਪਰਵਾਰਾਂ ਦੀ ਆਪਸੀ ਸਹਿਮਤੀ ਨਾਲ ਇੱਕ ਸਾਂਝਾ ਰਿਜ਼ੋਰਟ ਬੁੱਕ ਕਰਵਾ ਦਿੱਤਾ ਅਤੇ ਖ਼ਰਚਾ ਵੀ ਦੋਵਾਂ ਪਰਵਾਰਾਂ ਵਿੱਚ ਅੱਧੋ-ਅੱਧ ਵੰਡ ਦਿੱਤਾ ਗਿਆ।

ਘਰ ਆ ਕੇ ਗੁਰਦਿੱਤ ਦਾ ਪਰਵਾਰ ਵਿਆਹ ਦੀਆਂ ਤਿਆਰੀਆ ਵਿੱਚ ਰੁੱਝ ਗਿਆ, ਕਿਉਂਕਿ ਐਤਵਾਰ ਨੂੰ ਪਿੱਛੇ ਕੇਵਲ ਪੰਜ ਦਿਨ ਹੀ ਬਚੇ ਸਨ ਅਤੇ ਕੁੱਝ ਖ਼ਾਸ ਜਾਂ ਨੇੜਲੇ ਰਿਸ਼ਤੇਦਾਰਾਂ ਨੂੰ ਹੀ ਫ਼ੋਨ ਕਾਲ ਰਾਹੀਂ ਸੱਦਾ ਦਿੱਤਾ ਗਿਆ। ਕੋਈ ਵਿਆਹ ਦੇ ਕਾਰਡ ਵਗੈਰਾ ਨਾ ਛਪਵਾਏ ਗਏ ਨਾ ਹੀ ਇੰਨਾ ਸਮਾਂ ਸੀ।

ਸਮਾਂ ਵੀ ਕਦੇ ਖੜ੍ਹਿਆ ਹੈ? ਸੁੱਖ-ਸੁੱਖਾਂ ਨਾਲ ਐਤਵਾਰ ਦਾ ਦਿਨ ਆ ਢੁੱਕਿਆ। ਸਾਰਾ ਪਰਵਾਰ ਨਿਯਤ ਕੀਤੇ ਗਏ ਰਿਜ਼ੋਰਟ ਵਿੱਚ ਸਮੇਂ ਮੁਤਾਬਿਕ ਪਹੁੰਚ ਗਿਆ। ਲੜਕੀ ਪਰਿਵਾਰ ਵੀ ਆ ਪੁੱਜਿਆ ਸੀ। ਵਿਚੋਲੇ ਨੇ ਗੁਰਦਿੱਤ ਦੀ ਜਾਣ-ਪਹਿਚਾਣ ਲੜਕੀ ਦੇ ਪਿਤਾ ਜੀ, ਭਰਾਵਾਂ ਅਤੇ ਹੋਰ ਨੇੜਲੇ ਰਿਸ਼ਤੇਦਾਰਾਂ ਨਾਲ ਕਰਵਾਈ। ਸ਼ਾਇਦ ਇਹ ਵੀ ਕੁੱਝ ਅਜੀਬ ਹੀ ਸੀ, ਕਿ ਲੜਕੀ ਦੇ ਪਿਓ ਅਤੇ ਸਕੇ ਭਰਾਵਾਂ ਨੂੰ ਵਿਆਹ ਵਾਲੇ ਦਿਨ ਪਤਾ ਲੱਗ ਰਿਹਾ ਸੀ ਕਿ ਅੱਜ ਉਹ ਆਪਣੀ ਧੀ ਕੀਹਦੇ ਲੜ੍ਹ ਲਾਉਣ ਲੱਗੇ ਨੇ, ਭਾਵੇਂ ਕਿ ਰੋਕੇ ਵਾਲੇ ਦਿਨ ਦੀਆਂ ਫ਼ੋਟੋਆਂ ਤਾਂ ਉਹਨਾਂ ਜ਼ਰੂਰ ਮੋਬਾਇਲ ਵਿੱਚ ਦੇਖੀਆਂ ਹੀ ਹੋਣਗੀਆਂ ਪਰ ਆਹਮੋ-ਸਾਹਮਣੇ ਵਾਲੀ ਮੁਲਾਕਾਤ ਪਹਿਲੀ ਹੀ ਸੀ।

ਸੁੱਖ ਸੁੱਖਾਂ ਨਾਲ ਅਨੰਦ ਕਾਰਜ ਨੇਪਰੇ ਚੜ੍ਹਿਆ। ਗੁਰਦੁਆਰਾ ਸਾਹਿਬ ਦੇ ਭਾਈ ਜੀ ਨੇ ਦੋਨਾਂ ਬੱਚਿਆਂ ਨੂੰ ਸੁੱਖੀ ਜੀਵਨ ਜਿਊਣ ਦਾ ਆਸ਼ੀਰਵਾਦ ਦਿੱਤਾ। ਬਰਾਤ ਸਮੇਤ ਸਾਰੇ ਰਸਮੋਂ ਰਿਵਾਜ਼ ਨਿਭਾਉਂਦੇ ਹੋਏ ਗੁਰਦਿੱਤ ਦੇ ਪਰਵਾਰਕ ਜੀਅ ਨੂੰਹ ਰਾਣੀ ਨੂੰ ਲੈ ਕੇ ਸ਼ਾਮਾਂ ਤਾਈਂ ਘਰ ਮੁੜ ਆਏ। ਘਰ ਵਿੱਚ ਆਏ ਮਹਿਮਾਨ ਵੀ ਹੌਲੀ-ਹੌਲੀ ਆਪਣੇ ਘਰਾਂ ਨੂੰ ਪਰਤ ਗਏ। ਰਾਤ ਹੱਸਦਿਆਂ ਖੇਡਦਿਆਂ ਨਿਕਲ ਗਈ।

ਅਗਲੀ ਸਵੇਰੇ ਪਰਿਵਾਰ ਸਮੇਤ ਗੁਰਦਿੱਤ ਨੇੜੇ ਦੇ ਗੁਰਦਆਰਾ ਸਾਹਿਬ ਮੱਥਾ ਟੇਕਣ ਲਈ ਜਾ ਪੁੱਜੇ ਅਤੇ ਗੁਰੂ ਘਰ ਅਰਦਾਸ ਕਰਕੇ ਆਪਣੀ ਜ਼ਿੰਦਗੀ ਸ਼ੁਰੂ ਕਰਨ ਦਾ ਅਹਿਦ ਲਿਆ। ਘਰ ਰੌਣਕ ਲੱਗੀ ਰਹੀ। ਖੁਸਰੇ-ਭੰਡ ਅਤੇ ਹੋਰਨਾਂ ਨੇ ਰੱਜ-ਰੱਜ ਕੇ ਵਧਾਈਆਂ ਦਿੱਤੀਆਂ ਅਤੇ ਮਨ ਮੰਗੇ ਸ਼ਗਨ ਲਏ। ਦੁੱਧ-ਪੁੱਤ ਲਈ ਅਰਦਾਸਾਂ ਕੀਤੀਆਂ।

ਉੱਧਰ ਚੰਡੀਗੜ੍ਹੋਂ ਵੀ ਕੰਪਨੀ ਵਿੱਚ ਗੁਰਦਿੱਤ ਦੇ ਨਾਲ ਕੰਮ ਕਰਦੇ ਮੁਲਾਜ਼ਮਾਂ ਨੇ ਵਧਾਈਆਂ ਦਿੱਤੀਆਂ ਅਤੇ ਵਿਆਹ 'ਤੇ ਨਾ ਸੱਦਣ ਦਾ ਇਤਰਾਜ਼ ਵੀ ਜ਼ਾਹਰ ਕੀਤਾ। ਖ਼ੈਰ! ਦੋ ਚਾਰ ਦਿਨ ਲੰਘ ਗਏ ਤਾਂ ਗੁਰਦਿੱਤ ਨੇ ਸੋਚਿਆ ਕਿ ਉਸਨੂੰ ਵਾਪਸ ਚੰਡੀਗੜ੍ਹ ਜਾਣਾ ਚਾਹੀਦਾ ਹੈ ਅਤੇ ਕਿਉਂ ਨਾ ਸਰਬ ਨੂੰ ਵੀ ਚੰਡੀਗੜ੍ਹ ਲੈ ਜਾਵਾਂ ਇਸ ਤਰ੍ਹਾਂ ਉਹ ਵੀ ਚੰਡੀਗੜ੍ਹ ਘੁੰਮ ਫਿਰ ਲਵੇਗੀ। ਸੋ ਦੋਵਾਂ ਜੀਆਂ ਨੇ ਘਰ ਪਰਵਾਰ ਦੀ ਰਜ਼ਾਮੰਦੀ ਨਾਲ ਚੰਡੀਗੜ੍ਹ ਜਾਣ ਦੀ ਤਿਆਰੀ ਕਰ ਲਈ। ਸਭ ਨੂੰ ਇਹੀ ਮਹਿਸੂਸ ਹੋਇਆ ਕਿ ਨਵੀਂ ਵਿਆਹੀ ਜੋੜੀ ਨਾਲੇ ਘੁੰਮ ਫਿਰ ਆਊ, ਨਾਲੇ ਨੂੰਹ ਰਾਣੀ ਮੁੰਡੇ ਦਾ ਕੰਮ ਕਾਰ ਵੇਖ ਆਊ ਨਾਲੇ ਦੋਵਾਂ ਦਾ ਹਨੀਮੂਨ ਹੋ ਜਾਊ।

ਚੰਡੀਗੜ੍ਹ ਪਹੁੰਚ ਕੇ ਸਾਰਾ ਦਿਨ ਦੋਨੋਂ ਘੁਮੰਦੇ ਫਿਰਦੇ ਅਤੇ ਖਾਂਦੇ ਪੀਂਦੇ ਰਹੇ। ਸਰਬ... ਸਰਬ... ਕਹਿੰਦੇ ਗੁਰਦਿੱਤ ਦਾ ਮੂੰਹ ਨਹੀਂ ਸੀ ਥੱਕ ਰਿਹਾ। ਪਰ ਸਬਰਜੀਤ ਦਾ ਮੂਡ ਉਖੜਿਆ-ਉਖੜਿਆ ਜਿਹਾ ਨਜ਼ਰ ਆਉਂਦਾ ਸੀ।

ਸ਼ਾਮਾਂ ਦੇ ਵੇਲੇ ਸੁੱਖਣਾ ਝੀਲ ਦੇ ਕੰਢੇ ਬੈਠੇ, ਗੁਰਦਿੱਤ ਨੇ ਪੁੱਛ ਹੀ ਲਿਆ, 'ਸਰਬ ਕੀ ਗੱਲ ਏ? ਚੰਡੀਗੜ੍ਹ ਪਸੰਦ ਨਹੀਂ ਆਇਆ? ਜਾਂ ਮੈਂ ਕਿਤੇ ਜਿਆਦਾ ਤਾਂ ਨਹੀਂ ਬੋਲਦਾ? ਕਿ ਪੇਕੇ ਘਰ ਦੀ ਯਾਦ ਆ ਰਹੀ ਏ?'

ਸਰਬ ਕਹਿਣ ਲੱਗੀ, 'ਪਲੀਜ਼ ਮਾਈਂਡ ਨਾ ਕਰਨਾ, ਮੈਨੂੰ ਸਰਬ ਨਾਮ ਨਹੀਂ ਪਸੰਦ। ਤੁਸੀਂ ਸਰਬਜੀਤ ਜਾਂ ਜੀਤ ਹੀ ਕਿਹਾ ਲਿਆ ਕਰੋ ਪਲੀਜ਼।'

'ਲੈ ਇਸ ਗੱਲ ਤੋਂ ਰੁੱਸੇ ਪਏ ਹੋ! ਤੁਸੀਂ ਦਿਨਾਂ ਤਿੰਨ ਦਿਨਾਂ ਤੋਂ ਸਾਡੇ ਘਰ ਰਹਿ ਰਹੇ ਹੋ ਮੈਨੂੰ ਪਹਿਲਾਂ ਦੱਸ ਦਿੰਦੇ। ਇਹ ਕਿਹੜੀ ਗੱਲ ਆ ਸਰਬਜੀਤ ਕੌਰ ਜੀ?' ਗੁਰਦਿੱਤ ਨੇ ਕਿਹਾ।

'ਨਹੀਂ! ਮੈਨੂੰ ਪਸੰਦ ਨਹੀਂ ਤਾਂ ਕਰਕੇ ਤੁਹਾਨੂੰ ਕਿਹਾ, ਸੌਰੀ।' ਸਰਬ ਨੇ ਫਿਰ ਦੁਹਰਾਇਆ।

'ਹਾ ਹਾ ਹਾ ਹਾ... ਹੱਸਦੇ ਹੋਏ ਗੁਰਦਿੱਤ ਕਹਿਣ ਲੱਗਾ, ਨੋ ਪਰੋਬਲ, ਨਾਲੇ ਸੌਰੀ ਵਾਲੀ ਕਿਹੜੀ ਗੱਲ ਆ? ਰਹੀ ਗੱਲ ਮਾਈਂਡ ਕਰਨ ਵਾਲੀ, ਉਹ ਆਪਣੇ ਕੋਲ ਵੈਸੇ ਹੀ ਨਹੀਂ ਹੈਗਾ, ਸੋ ਕਰਨਾ ਕਿਥੋਂ ਆ? ਮੈਂ ਤਾਂ ਤੁਹਾਨੂੰ ਪਹਿਲੀ ਮੁਲਾਕਾਤ ਵਿੱਚ ਹੀ ਕਿਹਾ ਸੀ ਕਿ ਆਪਣਾ ਕੰਮ ਤਾਂ ਹੱਸਣਾ ਅਤੇ ਹਸਾਉਣਾ ਹੈ। ਸੋ ਸਰਬਜੀਤ ਮੈਡਮ ਜੀ ਹੱਸ ਪਉ ਘੜੀ ਹੁਣ।'

ਸਰਬਜੀਤ ਦੇ ਬੁੱਲਾਂ 'ਤੇ ਆਈ ਹਲਕੀ ਮੁਸਕਰਾਹਟ ਨੇ ਗੁਰਦਿੱਤ ਨੂੰ ਇੰਝ ਅਹਿਸਾਸ ਕਰਵਾਇਆ ਜਿਵੇਂ ਉਹਨੇ ਸਰਬਜੀਤ ਦਾ ਦਿਲ ਜਿੱਤ ਲਿਆ

ਹੋਵੇ। ਗੁਰਦਿੱਤ ਕਹਿਣ ਲੱਗਾ, 'ਤੁਸੀਂ ਦੱਸੋ ਆਪਣੇ ਬਾਰੇ? ਕਿਉਂਕਿ ਸੱਭ ਕੁੱਝ ਐਨੀ ਜਲਦੀ ਵਿੱਚ ਹੋ ਗਿਆ ਕਿ ਸਾਨੂੰ ਇੱਕ ਦੂਜੇ ਨੂੰ ਜਾਨਣ ਦਾ ਇੱਕ ਵੀ ਮੌਕਾ ਨਹੀਂ ਮਿਲਿਆ। 21ਵੀਂ ਸਦੀ ਵਿੱਚ ਹੁੰਦੇ ਹੋਏ ਵੀ ਸਾਡਾ ਵਿਆਹ 18ਵੀਂ ਸਦੀ ਦੇ ਵਿਆਹਾਂ ਵਾਂਗ ਹੋਇਆ ਹੈ। ਤੁਸੀਂ ਆਪਣੀ ਪਸੰਦ ਨਾ ਪਸੰਦ ਮੈਨੂੰ ਦੱਸੋ ਤਾਂ ਹੀ ਪਤਾ ਲੱਗੂ ਤੁਹਾਡੇ ਬਾਰੇ ਮੈਨੂੰ।'

'ਹਾਂ ਜੀ! ਮੈਨੂੰ ਵੀ ਇਹ ਸੱਭ ਚੰਗਾ ਨਹੀਂ ਲੱਗਾ। ਪਰ ਘਰਦੇ ਇਹ ਗੱਲ ਸਮਝਦੇ ਹੀ ਨਹੀਂ। ਮੈਨੂੰ ਸੀ ਸ਼ਾਇਦ ਤੁਸੀਂ ਅਜੇ ਵਿਆਹ ਟਾਲ ਦਿਓਗੇ, ਕੁੜੀਆਂ ਦੀ ਤਾਂ ਤੁਹਾਨੂੰ ਪਤਾ ਹੀ ਆ ਕਿੰਨੀ ਕੁ ਚੱਲਦੀ ਆ ਘਰਾਂ ਵਿੱਚ? ਬੱਸ ਸਭ ਜਲਦੀ ਜਲਦੀ ਕਰ ਦਿੱਤਾ।' ਸਰਬ ਨੇ ਜਿਵੇਂ ਅਫਸੋਸ ਅਤੇ ਨਾ-ਖ਼ੁਸ਼ੀ ਜਿਹੇ ਲਹਿਜੇ ਵਿੱਚ ਕਿਹਾ।

'ਜੀ! ਇਹ ਤਾਂ ਠੀਕ ਹੈ। ਘਰਦੇ ਆਪਣੀਆਂ ਪੂਰੀਆਂ ਮਨ ਮਾਨੀਆਂ ਕਰਦੇ ਨੇ ਬੱਚਿਆਂ ਉੱਤੇ ਅਤੇ ਇਹ ਸੱਭ ਆਪਣਾ ਹੱਕ ਸਮਝਦੇ ਹੋਏ ਕਰਦੇ ਨੇ।' ਗੁਰਦਿੱਤ ਨੇ ਹੁੰਗਾਰਾ ਭਰਿਆ ਅਤੇ ਨਾਲ ਹੀ ਪੁੱਛਿਆ ਹੋਰ ਦੱਸੋ ਆਪਣੇ ਬਾਰੇ ਤੁਸੀਂ?

ਤਾਂ ਸਰਬਜੀਤ ਨੇ ਜੁਆਬ ਦਿੱਤਾ, 'ਨਹੀਂ ਪਹਿਲਾਂ ਤੁਸੀਂ ਦੱਸੋ?'

ਬੱਸ! ਫਿਰ ਗੁਰਦਿੱਤ ਸ਼ੁਰੂ ਹੋ ਗਿਆ। ਆਪਣੇ ਜੰਮਣ ਤੋਂ ਲੈ ਕੇ ਆਪਣੇ ਕੰਮ ਕਾਰ, ਪੜ੍ਹਾਈਆਂ, ਨੌਕਰੀਆਂ, ਕਾਰੋਬਾਰ, ਪਹਿਲਾ ਵਿਆਹ ਸਾਰੀ ਜਨਮ ਪੱਤਰੀ ਉਹਦੇ ਅੱਗੇ ਖੋਲ੍ਹ ਦਿੱਤੀ। ਆਪਣੀ ਪਸੰਦ ਨਾ ਪਸੰਦ ਸੱਭ ਕੁੱਝ ਲੋੜੋਂ ਵੱਧ ਬੋਲਦਾ ਗਿਆ।'

ਸਰਬਜੀਤ ਹਰ ਗੱਲ ਦਾ ਹੁੰਗਾਰਾ ਭਰਦੀ ਗਈ ਅਤੇ ਐਨੇ ਨੂੰ ਕਾਫੀ ਰਾਤ ਹੋ ਚੁੱਕੀ ਸੀ ਤਾਂ ਗੁਰਦਿੱਤ ਅਤੇ ਸਰਬਜੀਤ ਵਾਪਸ ਹੋਟਲ ਵੱਲ ਨੂੰ ਮੁੜ ਪਏ। ਗੁਰਦਿੱਤ ਸੋਚਦਾ ਸੀ, 'ਹਨੀਮੂਨ ਕੀ ਮਨਾਉਣਾ ਏ? ਨਾ ਇਹ ਮੈਨੂੰ ਜਾਣਦੀ ਏ ਨਾ ਮੈਂ ਇਹਨੂੰ, ਜ਼ਰੂਰੀ ਹੈ ਕਿ ਪਹਿਲਾਂ ਇੱਕ ਦੂਜੇ ਦੇ ਦਿਲ ਵਿੱਚ ਜਗ੍ਹਾ ਬਣਾ ਲਈਏ। ਇੱਕ ਦੂਜੇ ਦੇ ਦੋਸਤ ਬਣੀਏ, ਇੱਕ ਦੂਜੇ ਦੀ ਪਸੰਦ-ਨਾਪਸੰਦ ਨੂੰ ਸਮਝੀਏ, ਫਿਰ ਆਪੇ ਪਿਆਰ ਹੋ ਜਾਊਗਾ ਤਾਂ ਹਨੀਮੂਨ ਵੀ ਮਨਾ ਲਵਾਂਗਾ। ਜ਼ਬਰਦਸਤੀ ਕੀ ਕਰਨੀ ਹੈ, ਇਹ ਕੋਈ ਚੰਗੀ ਗੱਲ ਤਾਂ ਨਹੀਂ, ਕਿ ਵਿਆਹ ਦਾ ਸਰਟੀਫਿਕੇਟ ਲੈ ਕੇ ਕੁੜੀ ਦਾ ਬਲਾਤਕਾਰ ਕੀਤਾ ਜਾਵੇ।' ਇਹ ਸੱਭ ਸੋਚਦੇ ਸੋਚਦੇ ਦੋਵੇਂ ਜੀਅ ਹੋਟਲ ਦੇ ਕਮਰੇ ਵਿੱਚ ਪੁੱਜ ਚੁੱਕੇ ਸਨ।

ਭੁੱਖ ਤਾਂ ਬਿਲਕੁੱਲ ਹੈ ਨਹੀਂ ਸੀ। ਜਿਸ ਤਰ੍ਹਾਂ ਗੁਰਦਿੱਤ ਨੇ ਆਪਣੇ ਬਾਰੇ

ਸੱਭ ਕੁੱਝ ਸੱਚੋ-ਸੱਚ ਦੱਸ ਕੇ ਸਰਬਜੀਤ ਦਾ ਵਿਸ਼ਵਾਸ ਜਿੱਤ ਲਿਆ ਸੀ। ਸਰਬਜੀਤ ਹੁਣ ਗੁਰਦਿੱਤ ਨਾਲ ਥੋੜ੍ਹਾ ਸੌਖੀ ਮਹਿਸੂਸ ਕਰ ਰਹੀ ਸੀ। ਥੋੜੀ ਜਿਹੀ ਗੱਲ ਉਸ ਨੇ ਵੀ ਕੀਤਾ ਅਤੇ ਜੋ ਕੁੱਝ ਗੁਰਦਿੱਤ ਰਸਤੇ ਵਿੱਚ ਆਉਂਦਾ ਮਨ ਵਿੱਚ ਸੋਚ ਰਿਹਾ ਸੀ, ਉਹੀ ਕੁੱਝ ਸਰਬਜੀਤ ਨੇ ਬੋਲ ਕੇ ਦੱਸ ਦਿੱਤਾ ਕਿ, 'ਅਸੀਂ ਅਜੇ ਕੁੱਝ ਨਾ ਕਰੀਏ, ਪਹਿਲਾਂ ਇੱਕ ਦੂਜੇ ਨੂੰ ਸਮਾਂ ਦੇਈਏ। ਮੇਰੇ ਦਿਲ 'ਤੇ ਬਹੁਤ ਸਦਮਾ ਹੈ ਤੁਸੀਂ ਮੇਰਾ ਸਾਥ ਦਿਓ। ਫਿਰ ਸਾਡੇ ਵਿੱਚ ਸੁਹਣਾ ਰਿਸ਼ਤਾ ਬਣ ਜਾਊ।'

ਗੁਰਦਿੱਤ, ਸਰਬਜੀਤ ਦੀਆਂ ਗੱਲਾਂ ਤੋਂ ਭਾਵ ਅਤੇ ਮਕਸਦ ਸਮਝ ਚੁੱਕਿਆ ਸੀ ਅਤੇ ਉਹਨੇ ਸਰਬਜੀਤ ਨੂੰ ਕਿਹਾ, 'ਚੱਲ ਕੋਈ ਨਾ। ਹੁਣ ਟੈਂਸ਼ਨ ਨਾ ਲੈ ਅਤੇ ਆਰਾਮ ਨਾਲ ਨੀਂਦ ਪੂਰੀ ਕਰ ਸਵੇਰੇ ਦੇ ਘੁੰਮ-ਘੁੰਮ ਕੇ ਥੱਕੇ ਪਏ ਹਾਂ। ਅੱਜ ਮੈਂ ਆਪਣੇ ਬਾਰੇ ਦੱਸਿਆ ਕੱਲ੍ਹ ਤੂੰ ਸ਼ੁਰੂ ਹੋ ਜਾਈ। ਇੱਕ ਦੂਜੇ ਨਾਲ ਜ਼ਿੰਦਗੀ ਸ਼ੁਰੂ ਕੀਤੀ ਆ ਚੰਗਾ ਹੋਵੇ ਕਿ ਸਾਡੇ ਰਿਸ਼ਤੇ ਵਿੱਚ ਕੋਈ ਪਰਦਾ, ਕੋਈ ਝੂਠ/ਫਰੇਬ ਜਾਂ ਕੱਜ ਨਾ ਹੋਵੇ।' ਗੁਰਦਿੱਤ, ਸਰਬਜੀਤ ਨੂੰ ਪੂਰੀ ਤਰ੍ਹਾਂ ਨਾਲ ਭਰੋਸੇ ਵਿੱਚ ਲੈਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਇੱਕ ਦੂਜੇ 'ਤੇ ਦੋਵਾਂ ਦਾ ਵਿਸ਼ਵਾਸ਼ ਬੱਝ ਸਕੇ। ਇੱਕ ਸਫਲ ਰਿਸ਼ਤੇ ਦੀ ਬੁਨਿਆਦ ਵਿਸ਼ਵਾਸ਼ ਹੀ ਤਾਂ ਹੁੰਦੈ।

ਅਗਲੀ ਸਵੇਰ ਹੋਈ ਦੋਵੇਂ ਜੀਅ ਉੱਠ ਕੇ ਨਹਾ ਧੋ ਕੇ ਨੇੜੇ ਹੀ ਗੁਰਦੁਆਰਾ ਅੰਬ ਸਾਹਿਬ ਮੱਥਾ ਟੇਕਣ ਜਾ ਪਹੁੰਚੇ। ਉੱਥੋਂ ਹੀ ਲੰਗਰ ਪ੍ਰਸ਼ਾਦਾ ਛੱਕ ਕੇ, ਬਾਹਰ ਨਿਕਲ ਗਏ। ਪਹਿਲਾਂ ਗੁਰਦਿੱਤ ਸਰਬਜੀਤ ਨੂੰ ਆਪਣੇ ਦਫ਼ਤਰ ਲੈ ਕੇ ਗਿਆ ਜਿਥੇ ਉਸਨੇ ਆਪਣੇ ਕੰਮ ਕਾਰ ਬਾਰੇ ਅਤੇ ਆਪਣੀ ਕੰਪਨੀ ਬਾਰੇ ਦੱਸਿਆ ਨਾਲ ਹੀ ਆਪਣੇ ਸਾਰੇ ਸਟਾਫ ਨਾਲ ਮਿਲਾਇਆ। ਦੋਨਾਂ ਵਿੱਚ ਕੁੱਝ-ਕੁੱਝ ਨੇੜਤਾ ਹੋ ਰਹੀ ਸੀ। ਪਰ ਪਰਾਏ ਘਰ ਦੀ ਆਈ ਧੀ, ਐਨੀ ਜਲਦੀ ਕਿਵੇਂ ਕਿਸੇ ਅਣਜਾਨ ਵਿਅਕਤੀ ਨਾਲ ਘੁਲ ਮਿਲ ਸਕਦੀ ਹੈ? ਕਿਵੇਂ ਉਸ ਨਾਲ ਆਪਣੀਆਂ ਸਹੇਲੀਆਂ ਵਾਂਗ ਗੱਲਾਂ ਕਰ ਸਕਦੀ ਹੈ? ਹੱਸਣਾ-ਰੁੱਸਣਾ, ਮਨਾਉਣਾ ਅਤੇ ਸ਼ਰਾਰਤਾਂ ਇਹ ਤਾਂ ਆਪਣੇ ਖ਼ਾਸ ਜਾਣੂੰਆਂ ਨਾਲ ਹੀ ਹੋ ਸਕਦੈ। ਖ਼ੈਰ! ਗੁਰਦਿੱਤ ਦਾ ਹੱਸਮੁੱਖ ਸੁਭਾਅ ਸਰਬਜੀਤ ਦੇ ਮਨ ਉੱਤੇ ਕਾਫੀ ਅਸਰ ਪਾ ਰਿਹਾ ਸੀ।

ਅੱਜ ਸਰਬਜੀਤ ਨੇ ਵੀ ਕੁੱਝ ਗੱਲਾਂ ਪੂਰੇ ਆਤਮ-ਵਿਸ਼ਵਾਸ ਨਾਲ ਰਾਤ ਸੌਣ ਤੋਂ ਪਹਿਲਾਂ ਸ਼ੁਰੂ ਕਰ ਲਈਆਂ। ਉਹਨੇ ਵੀ ਆਪਣੇ ਬਾਰੇ ਸੱਭ ਕੁੱਝ ਦੱਸਣਾ ਸ਼ੁਰੂ ਕੀਤਾ, 'ਆਪਣੇ ਬਚਪਨ ਦੀਆਂ ਗੱਲਾਂ, ਸਕੂਲ ਦੀਆਂ ਗੱਲਾਂ, ਫਿਰ

ਘਰਦਿਆਂ ਵੱਲੋਂ ਉਸਦੀ ਪੜ੍ਹਾਈ ਛੁਡਵਾ ਕੇ, ਉਸਦਾ ਵਿਆਹ ਕਰਨਾ ਅਤੇ ਫਿਰ ਵਿਆਹ ਦਾ ਟੁੱਟ ਜਾਣਾ ਅਤੇ ਹੁਣ ਫਿਰ ਦੂਜੀ ਵਾਰ ਜ਼ਬਰਦਸਤੀ ਵਿਆਹ ਕਰ ਦੇਣਾ। ਉਹਨੇ ਇਹ ਵੀ ਦੱਸਿਆ ਕਿ ਉਸਦੀ ਗ੍ਰੈਜੁਏਸ਼ਨ ਵੀ ਪੂਰੀ ਨਹੀਂ ਸੀ ਹੋਈ, ਜਦਕਿ ਉਹ ਪੜ੍ਹਨਾ ਚਾਹੁੰਦੀ ਸੀ।

ਤਾਂ ਗੁਰਦਿੱਤ ਨੇ ਟੋਕ ਕੇ ਪੁੱਛਿਆ, 'ਪਰ ਸੰਤੋਖ ਸਿੰਘ (ਵਿਚੋਲਾ) ਹੁਰਾਂ ਨੇ ਤਾਂ ਕਿਹਾ ਸੀ ਕੁੜੀ ਨੇ ਗ੍ਰੈਜੁਏਸ਼ਨ ਕੀਤੀ ਹੋਈ ਹੈ ਅਤੇ ਸਿਲਾਈ ਕਢਾਈ ਦਾ ਕੋਰਸ ਕਰ ਰਹੀ ਹੈ।'

ਸਰਬਜੀਤ ਇੱਕ ਦਮ ਠਠੰਬਰ ਗਈ ਤੇ ਕਹਿਣ ਲੱਗੀ, 'ਸ਼ਾਇਦ ਉਹਨਾਂ ਨੂੰ ਪਤਾ ਨਹੀਂ ਹੋਣਾ, ਸਿਲਾਈ ਕਢਾਈ ਵੀ ਆਪਣੀ ਮੰਗਣੀ ਤੋਂ ਦਸ-ਪੰਦਰਾਂ ਦਿਨ ਪਹਿਲਾਂ ਹੀ ਸਿੱਖਣੀ ਸ਼ੁਰੂ ਕੀਤੀ ਸੀ ਅਤੇ ਨਾਲ ਹੀ ਘਰਦਿਆਂ ਨੇ ਵਿਆਹ ਕਰ ਦਿੱਤਾ। ਨਾਲੇ ਮੇਰੀ ਸਿਲਾਈ ਕਢਾਈ ਵਿੱਚ ਕੋਈ ਦਿਲਚਸਪੀ ਨਹੀਂ ਸੀ, ਐਵੇਂ ਘਰ ਬੈਠੈ ਮੇਰਾ ਭਰਾ ਜਾਂ ਰਿਸ਼ਤੇਦਾਰ ਟਿੱਚਰਾਂ ਕਰਦੇ ਰਹਿੰਦੇ ਸਨ ਤਾਂ ਮੇਰੀ ਦਾਦੀ ਮਾਂ ਨੇ ਕਿਹਾ, 'ਪੁੱਤ ! ਕੁੱਝ ਸਿੱਖ ਕਰ ਲੈ, ਨਾਲੇ ਘਰੋਂ ਬਾਹਰ ਜਾਣ ਨਾਲ ਕੁੱਝ ਮਨ ਹੌਲਾ ਹੋ ਜਾਂਦਾ, ਜਦ ਤੱਕ ਤੇਰਾ ਵਿਆਹ ਨਹੀਂ ਹੋ ਜਾਂਦਾ, ਇਹ ਸੱਭ ਗੱਲਾਂ ਤਾਂ ਬਰਦਾਸ਼ਤ ਕਰਨੀਆਂ ਹੀ ਪੈਣੀਆਂ ਨੇ' ਪਰ ਮੈਨੂੰ ਸੱਚੀ ਇਹ ਨਹੀਂ ਸੀ ਪਤਾ ਕਿ ਸੰਤੋਖ ਅੰਕਲ ਨੇ ਇੰਨਾ ਵੱਡਾ ਝੂਠ ਬੋਲਿਆ ਹੈ, ਪਰ ਪਲੀਜ਼ ਹੁਣ ਤੁਸੀਂ ਆਪਣੇ ਮੰਮੀ ਪਾਪਾ ਨਾਲ ਇਸ ਬਾਰੇ ਗੱਲ ਨਾ ਕਰਨਾ, ਉਨ੍ਹਾਂ ਦਾ ਦਿਲ ਟੁੱਟ ਜਾਣਾ। ਮੇਰੇ ਕਰਕੇ ਪਹਿਲਾਂ ਹੀ ਸੱਭ ਬਹੁਤ ਦੁੱਖੀ ਨੇ, ਹੁਣ ਫਿਰ ਕੋਈ ਹੋਰ ਦੁੱਖੀ ਨਾ ਹੋਵੇ।'

ਗੁਰਦਿੱਤ ਨੂੰ ਥੋੜ੍ਹਾ ਬੁਰਾ ਤਾਂ ਲੱਗਾ, ਪਰ ਉਹ ਸਰਬਜੀਤ ਨੂੰ ਦੁਖੀ ਨਹੀਂ ਸੀ ਕਰਨਾ ਚਾਹੁੰਦਾ ਅਤੇ ਉਸਨੂੰ ਅਤੀਤ ਵਿੱਚੋਂ ਬਾਹਰ ਕੱਢ ਕੇ ਨਵੀਂ ਜ਼ਿੰਦਗੀ ਜਿਊਣ ਲਈ ਪ੍ਰੇਰਿਤ ਕਰਨਾ ਚਾਹੁੰਦਾ ਸੀ, ਉਸਨੇ ਮੁਸਕਰਾਉਂਦਿਆ ਹੋਇਆ ਕਿਹਾ, 'ਚੱਲ ! ਕੋਈ ਨਾਂਹ, ਆਪਾਂ ਕਿਹੜਾ ਨੌਕਰੀ ਕਰਵਾਉਣੀ ਤੇਰੇ ਤੋਂ, ਮੇਰਾ ਤਾਂ ਟੀਚਾ ਆਪਣਾ ਕਾਰੋਬਾਰ ਕਰਨ ਦਾ ਹੈ। ਨਾਲੇ ਤੈਨੂੰ ਪਤਾ ਮੈਨੂੰ ਪੜ੍ਹਨ-ਲਿਖਣ ਦਾ ਬਹੁਤ ਸ਼ੌਂਕ ਹੈ। ਸ਼ਾਇਦ ਮੇਰੀ ਕਿਤਾਬ ਵੀ ਛੱਪ ਜਾਏ। ਇੱਥੇ ਚੰਡੀਗੜ੍ਹ ਦੇ ਇਕ ਪਬਲਿਸ਼ਰ ਨਾਲ ਹੀ ਗੱਲਬਾਤ ਚੱਲ ਰਹੀ ਹੈ, ਇੱਦਾਂ ਕਰਦੇ ਹਾਂ ਕੱਲ੍ਹ ਆਪਾਂ ਉੱਥੇ ਜਾਂਵਾਗੇ ਨਾਲੇ ਗੱਲਬਾਤ ਕਰਕੇ ਆਵਾਂਗੇ।'

'ਠੀਕ ਹੈ ! ਪਰ ਮੈਨੂੰ ਲਿਖਣ ਪੜ੍ਹਨ ਦਾ ਕੋਈ ਸ਼ੌਂਕ ਨਹੀਂ ਹੈ।' ਸਰਬਜੀਤ ਨੇ ਜੁਆਬ ਦਿੱਤਾ।

'ਚੰਗਾ ਕੋਈ ਨਾ, ਮੈਂ ਨਹੀਂ ਤੈਨੂੰ ਬੋਰ ਕਰਦਾ ਆਪਣੀਆਂ ਰਚਨਾਵਾਂ ਸੁਣਾ-ਸੁਣਾ ਕੇ।' ਗੁਰਦਿੱਤ ਨੇ ਕਿਹਾ।

ਅਗਲੀ ਸਵੇਰ, ਦੋਨੋਂ ਜਾਣੇ ਗੁਰਦੁਆਰਾ ਸਾਹਿਬ ਤੋਂ ਹੋ ਕੇ, ਪਬਲੀਸ਼ਰ ਕੋਲ ਜਾ ਢੁਕੇ। ਸਾਰੀ ਗੱਲਬਾਤ ਹੋਈ। ਪ੍ਰਕਾਸ਼ਕ ਨੇ ਗੁਰਦਿੱਤ ਨੂੰ ਵਿਆਹ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਉਸਦੀਆਂ ਰਚਨਾਵਾਂ ਦੀ ਖ਼ੂਬ ਪ੍ਰਸ਼ੰਸਾ ਕੀਤੀ ਅਤੇ ਇਸ ਦੌਰਾਨ ਹੀ ਗੁਰਦਿੱਤ ਦੀ ਕਿਤਾਬ ਛਾਪਣ ਲਈ ਇਕਰਾਰ ਲੈ ਲਿਆ ਗਿਆ। ਗੁਰਦਿੱਤ ਬਹੁਤ ਖ਼ੁਸ਼ ਸੀ, ਪਰ ਸਰਬਜੀਤ ਦੀ ਇਹਨਾਂ ਸੱਭ ਗੱਲਾਂ ਵਿੱਚ ਕੋਈ ਦਿਲਚਸਪੀ ਨਹੀਂ ਸੀ, ਜਿਸ ਦਾ ਉਹ ਪਹਿਲਾਂ ਹੀ ਦੱਸ ਵੀ ਚੁੱਕੀ ਸੀ, ਪਰ ਉਸਦੇ ਬੇਧਿਆਣੇ ਜਿਹੇ ਹਾਵਭਾਵ ਤੋਂ ਗੁਰਦਿੱਤ ਨੂੰ ਮਨੋ ਮਨੀਂ ਅਫਸੋਸ ਜ਼ਰੂਰ ਹੋਇਆ ਕਿ ਮੇਰੇ ਲਈ ਮੇਰੀ ਜ਼ਿੰਦਗੀ ਦੀ ਐਨੀ ਵੱਡੀ ਖ਼ੁਸ਼ੀ ਹੈ, ਪਰ ਸਰਬਜੀਤ 'ਤੇ ਇਸ ਗੱਲ ਦਾ ਕੋਈ ਮਾਣ ਜਾਂ ਖ਼ੁਸ਼ੀ ਨਹੀਂ ਕਿ ਉਸਦੇ ਘਰਵਾਲੇ ਦੀ ਕਿਤਾਬ ਛੱਪਣ ਜਾ ਰਹੀ ਹੈ। ਵੱਡਾ ਦਿਲ ਕਰਕੇ ਗੁਰਦਿੱਤ ਨੇ ਗੱਲ ਆਈ ਗਈ ਕਰ ਛੱਡੀ।

ਪੰਜਵੇਂ-ਛੇਵੇਂ ਦਿਨ ਦੋਨੋਂ ਚੰਡੀਗੜ੍ਹ ਤੋਂ ਘਰ ਵੱਲ ਨੂੰ ਮੁੜ ਪਏ। ਰਸਤੇ ਵਿੱਚ ਸਰਬਜੀਤ ਨੇ ਕਿਹਾ, 'ਉਸ ਰਾਤ ਜੋ ਗੱਲਾਂ ਮੈਂ ਤੁਹਾਡੇ ਨਾਲ ਕੀਤੀਆਂ, ਬੜੇ ਵਿਸ਼ਵਾਸ ਨਾਲ ਕੀਤੀਆਂ ਨੇ, ਪਲੀਜ਼ ਮੇਰਾ ਵਿਸ਼ਵਾਸ ਨਾ ਤੋੜਨਾ ਅਤੇ ਨਾ ਹੀ ਮੇਰੀ ਪੜ੍ਹਾਈ ਬਾਰੇ ਕੋਈ ਗੱਲ ਕਰਨਾ।'

ਗੁਰਦਿੱਤ ਨੇ ਕਿਹਾ, 'ਤੂੰ ਫ਼ਿਕਰ ਨਾ ਕਰ, ਤੇਰੀ ਇੱਜ਼ਤ ਮੇਰੀ ਇੱਜ਼ਤ ਹੈ, ਪਰ ਜੇ ਕਿਸੇ ਨੇ ਹਨੀਮੂਨ ਕਿਹੋ ਜਿਹਾ ਰਿਹਾ ਇਸ ਸਵਾਲ ਪੁੱਛਿਆ ਤਾਂ ਕੀ ਕਹਾਂਗਾ?

ਸਰਬਜੀਤ ਨੇ ਥੋੜ੍ਹਾ ਸ਼ਰਮਾ ਕੇ ਮੂੰਹ ਨੀਵਾਂ ਕਰ ਲਿਆ ਅਤੇ ਕਿਹਾ, 'ਮੈਨੂੰ ਨਹੀਂ ਪਤਾ!'

ਗੁਰਦਿੱਤ, ਸਰਬਜੀਤ ਨੂੰ ਘਰ ਛੱਡ ਕੇ ਦੂਜੇ ਦਿਨ ਆਪ ਵਾਪਸ ਚੰਡੀਗੜ੍ਹ ਮੁੜ ਗਿਆ ਅਤੇ ਨਾਲ ਹੀ ਸਰਬਜੀਤ ਨੂੰ ਨਵਾਂ ਮੋਬਾਇਲ ਫ਼ੋਨ ਲੈ ਕੇ ਦੇ ਗਿਆ ਕਿ ਜਦ ਦਿਲ ਕਰੇ ਤਾਂ ਉਸਨੂੰ ਫ਼ੋਨ ਕਰ ਲਵੇ। ਰੋਜ਼ਾਨਾ ਦੋਵਾਂ ਦੀ ਫ਼ੋਨ ਤੇ ਗੱਲਬਾਤ ਹੋ ਜਾਂਦੀ। ਗੁਰਦਿੱਤ ਆਪਣੇ ਸਾਰੇ ਦਿਨ ਵਿੱਚ ਜੋ ਕੁੱਝ ਵਾਪਰਿਆ, ਸਰਬਜੀਤ ਨੂੰ ਦੱਸਦਾ ਰਹਿੰਦਾ ਅਤੇ ਉਹ ਹੱਸਦੀ ਰਹਿੰਦੀ। ਘਰ ਵਾਲਿਆਂ ਨੂੰ ਬੜੀ ਖ਼ੁਸ਼ੀ ਹੁੰਦੀ ਕਿ ਉਹਨਾਂ ਦਾ ਨੂੰਹ-ਪੁੱਤ ਆਪਸ ਵਿੱਚ ਕਿਵੇਂ ਘਿਉ ਖਿਚੜੀ ਹਨ। ਸੱਭ ਬਹੁਤ ਖੁਸ਼ ਸਨ।

ਛੇ ਕੁ ਮਹੀਨੇ ਬਾਅਦ ਗੁਰਦਿੱਤ ਦੀ ਕਿਤਾਬ ਵੀ ਛੱਪ ਕੇ ਆ ਗਈ। ਵੱਡੇ ਪੱਧਰ ਤੇ ਰਿਲੀਜ਼ ਕੀਤੀ ਗਈ। ਬਹੁਤ ਸਾਰੀਆਂ ਕਾਪੀਆਂ ਮੌਕੇ 'ਤੇ ਹੀ ਵਿੱਕ ਗਈਆਂ। ਹਰ ਅਖ਼ਬਾਰ ਵਿੱਚ ਕਿਤਾਬ ਬਾਰੇ ਬਹੁਤ ਸੂਹਣੀ ਸਮੀਖਿਆ ਛਪੀ। ਅਲੋਚਨਾ ਵੀ ਹੋਈ। ਪਾਠਕ ਅਗਲੀ ਕਿਤਾਬ ਲਈ ਇੰਤਜ਼ਾਰ ਕਰਨ ਲੱਗ ਪਏ।

ਸਮਾਂ ਬੀਤਦਾ ਜਾ ਰਿਹਾ ਸੀ। ਗੁਰਦਿੱਤ ਨੇ ਦੋ ਹੋਰ ਨਵੀਆਂ ਕਿਤਾਬਾਂ ਲਿਖ ਲਈਆਂ ਅਤੇ ਛੱਪ ਵੀ ਗਈਆਂ। ਉਹ ਨਾਮਵਰ ਲੇਖਕ ਬਣਦਾ ਜਾ ਰਿਹਾ ਸੀ। ਪਰ ਇਸ ਦੌਰਾਨ ਵਿਆਹ ਨੂੰ ਪੰਜ ਸਾਲ ਬੀਤ ਚੁੱਕੇ ਸਨ। ਉਹ ਜਦ ਵੀ ਸਰਬਜੀਤ ਦੇ ਨੇੜੇ ਜਾਣ ਦੀ ਕੋਸ਼ਿਸ਼ ਕਰਦਾ ਉਹ ਹੋਰ ਦੂਰ ਹੋਰ ਦੂਰ ਹੋਈ ਜਾਂਦੀ। ਜਿਵੇਂ ਜਿਵੇਂ ਸਮਾਂ ਲੰਘ ਰਿਹਾ ਸੀ, ਦੋਹਾਂ ਦੀ ਪਸੰਦ-ਨਾ-ਪਸੰਦ ਮਿਲਣ ਦੀ ਥਾਂ, ਜਾਂ ਦੋਵਾਂ ਦੇ ਇੱਕ ਦੂਜੇ ਦੇ ਨੇੜੇ ਆਉਣ ਦੀ ਥਾਂ ਦੋਵਾਂ ਵਿੱਚ ਦੂਰੀ ਅਤੇ ਨਫ਼ਰਤ ਵੱਧਦੀ ਜਾ ਰਹੀ ਸੀ। ਨਾ ਹੀ ਅਜੇ ਤੱਕ ਦੋਵਾਂ ਦਾ ਹਨੀਮੂਨ ਹੋ ਸਕਿਆ ਸੀ, ਕਿਉਂਕਿ ਇਸ ਗੱਲ ਨੂੰ ਸਮਾਂ ਪੈਂਦਾ ਰਿਹਾ ਕਿ ਦੋਨੋਂ ਇੱਕ ਦੂਜੇ ਨੂੰ ਚੰਗੀ ਤਰ੍ਹਾਂ ਸਮਝਣ, ਇੱਕ ਦੂਜੇ ਨੇ ਦੇ ਨੇੜੇ ਆਉਣ, ਮਾਨਿਸਕ ਅਤੇ ਸਰੀਰਿਕ ਤੌਰ 'ਤੇ ਦੋਵੇਂ ਤਿਆਰ ਹੋਣ ਅਤੇ ਫਿਰ ਹੀ ਪਰਵਾਰ ਬਣਾਉਣ ਬਾਰੇ ਸੋਚਿਆ ਜਾਵੇ, ਪਰ ਇਸ ਸਮੇਂ ਦੌਰਾਨ ਵਖਰੇਵੇਂ ਹੋਰ ਵੀ ਡੂੰਘੇ ਹੁੰਦੇ ਗਏ।

ਦੋ ਸਾਲਾਂ ਤੋਂ ਗੁਰਦਿੱਤ ਵੀ ਚੰਡੀਗੜ੍ਹ ਤੋਂ ਵਾਪਸ ਆਪਣੇ ਸ਼ਹਿਰ ਆ ਚੁੱਕਿਆ ਸੀ। ਕਾਰੋਬਾਰ ਵੀ ਵਧੀਆ ਸੈੱਟ ਹੋ ਚੁੱਕਿਆ ਸੀ ਅਤੇ ਕਾਰੋਬਾਰ ਦਿਨ ਦੋਗੁਣੀ ਰਾਤ ਚੌਗੁਣੀ ਤਰੱਕੀ ਕਰ ਰਿਹਾ ਸੀ। ਗੁਰਦਿੱਤ ਦੇ ਪਰਵਾਰ ਵਾਲੇ ਬੜੇ ਪ੍ਰੇਸ਼ਾਨ ਸਨ ਕਿ ਦੋਵਾਂ ਦੇ ਘਰ ਰੱਬ ਕੋਈ ਜੀਅ ਕਿਉਂ ਨਹੀਂ ਦੇ ਰਿਹਾ? ਦੋਵਾਂ ਵਿੱਚੋ ਕਮੀਂ ਕਿਸ ਦੇ ਵਿੱਚ ਹੈ? ਕੀ ਇਹ ਦੋਵੇਂ ਆਪਣਾ ਇਲਾਜ਼ ਕਿਤੋਂ ਕਰਵਾ ਰਹੇ ਹਨ?

# 7

ਜਦੋਂ ਇਸ ਬਾਰੇ ਜਸਵੰਤ ਕੌਰ ਆਪਣੀ ਨੂੰਹ ਨਾਲ ਗੱਲ ਤੋਰਦੀ ਤਾਂ ਸਰਬਜੀਤ ਆਨੇ-ਬਹਾਨੇ ਗੱਲ ਟਾਲ ਦਿੰਦੀ। ਕਦੇ ਕਹਿ ਦਿੰਦੀ ਡਾਕਟਰ ਕੋਲੋਂ ਟੈਸਟ ਕਰਵਾਏ ਸੀ, ਮੇਰੀ ਦਵਾਈ ਚੱਲ ਰਹੀ ਏ। ਕਦੇ ਮਹੀਨੇ ਦੋ ਮਹੀਨੇ ਬਾਅਦ ਕਹਿ ਦਿੰਦੀ, ਕਿ ਇਹਨਾਂ ਦੀ ਮੈਡੀਸਨ ਚੱਲ ਰਹੀ ਹੈ, ਵਗ਼ੈਰਾ ਵਗ਼ੈਰਾ।

ਇਸ ਦੌਰਾਨ ਕਈ ਵਾਰ ਗੁਰਦਿੱਤ ਉਹਦੇ ਨੇੜੇ ਜਾਣ ਦੀ ਕੋਸ਼ਿਸ਼ ਕਰਦਾ ਪਰ ਉਸਦੀ ਜਿਵੇਂ ਇਸ ਸੱਭ ਵਿੱਚ ਰਤਾ ਭਰ ਵੀ ਦਿਲਚਸਪੀ ਨਹੀਂ ਸੀ ਤਾਂ ਇੱਕ ਰਾਤ ਗੁਰਦਿੱਤ ਨੇ ਵੀ ਹਾਰ ਕੇ ਸਖਤੀ ਨਾਲ ਕਹਿ ਦਿੱਤਾ, ਹੁਣ ਸਾਡੇ ਵਿੱਚ ਕਦੇ ਵੀ ਰਿਸ਼ਤਾ ਨਹੀਂ ਬਣ ਸਕਦੈ। ਉਹ ਗੁੱਸਾ ਵੀ ਕਰਦਾ ਪਰ ਸਰਬਜੀਤ ਇਸ ਸਭ ਕਾਸੇ ਦੀ ਆਦੀ ਜਿਹੀ ਹੋ ਗਈ ਸੀ।

ਐਨਾ ਕੁ ਤਾਂ ਉਹ ਵਿਆਹ ਤੋਂ ਦੋ-ਤਿੰਨ ਮਹੀਨੇ ਬਾਅਦ ਗੁਰਦਿੱਤ ਨੂੰ ਦੱਸ ਹੀ ਚੁੱਕੀ ਸੀ ਕਿ ਉਹ ਪਹਿਲਾਂ ਕਿਸੇ ਨਾਲ ਪਿਆਰ ਵਿੱਚ ਸੀ, ਪਰ ਉਸਦੇ ਘਰਦੇ ਨਾ ਮੰਨੇ ਅਤੇ ਲੜਕੇ ਨੇ ਵੀ ਸਾਥ ਨਾ ਦਿੱਤਾ। ਇਸ ਸੱਭ ਦਾ ਜਦ ਘਰ ਪਤਾ ਲੱਗਾ ਤਾਂ ਮੇਰੀ ਪੜ੍ਹਾਈ ਛੁਡਾ ਕੇ, ਮੇਰਾ ਵਿਆਹ ਮੇਰੀ ਮਰਜ਼ੀ ਤੋਂ ਬਿਨ੍ਹਾਂ ਜ਼ਬਰਦਸਤੀ ਕਰ ਦਿੱਤਾ ਗਿਆ, ਜਦ ਉੱਥੇ ਮੇਰੀ ਨਹੀਂ ਨਿਭੀ ਤਾਂ ਪਸ਼ੂਆਂ ਵਾਂਗ ਜਿੱਥੇ ਜੀਅ ਕੀਤਾ ਬੰਨ੍ਹ ਦਿੱਤਾ। ਤੁਸੀਂ ਫ਼ਿਕਰ ਨਾ ਕਰੋ, ਹੌਲੀ - ਹੌਲੀ ਸੱਭ ਠੀਕ ਹੋ ਜਾਵੇਗਾ।

ਗੁਰਦਿੱਤ ਸਾਲ ਵਿੱਚ ਤਿੰਨ ਦਿਨ ਬਹੁਤ ਖ਼ੁਸ਼ੀ ਨਾਲ ਮਨਾਉਂਦਾ ਸੀ, ਇੱਕ ਆਪਣਾ ਜਨਮਦਿਨ, ਦੂਜਾ ਸਰਬਜੀਤ ਦਾ ਜਨਮਦਿਨ ਅਤੇ ਤੀਜਾ ਆਪਣੇ ਵਿਆਹ ਦੀ ਵਰ੍ਹੇਗੰਢ। ਹਰ ਹਾਲ ਵਿੱਚ ਉਹ ਸਰਬਜੀਤ ਨੂੰ ਹਰ ਖੁਸ਼ੀ ਦੇਣ ਦੀ ਕੋਸ਼ਿਸ਼ ਕਰਦਾ। ਉਸਦੀ ਸਾਰੀ ਸ਼ਾਪਿੰਗ ਕਿਸੇ ਨਾ ਕਿਸੇ ਮਾਲ ਵਿੱਚੋਂ ਹੀ ਕਰਵਾਉਂਦਾ ਹਰ ਸਾਲ ਉਸਨੂੰ ਲੇਟੇਸਟ ਮੋਬਾਇਲ ਫ਼ੋਨ ਲੈ ਕੇ ਦਿੰਦਾ। ਇੱਕ ਪਤੀ ਹੋਣ ਦੇ ਜਿੰਨੇ ਕੁ ਫ਼ਰਜ਼ ਬਣਦੇ ਸਨ, ਉਸਤੋਂ ਵੱਧ ਨਿਭਾਉਂਦਾ, ਪਰ ਬਦਲੇ ਵਿੱਚ ਕੋਈ ਪਿਆਰ ਜਾਂ ਇੱਜ਼ਤ ਉਹਨੂੰ ਪ੍ਰਾਪਤ ਨਾ ਹੁੰਦੀ।

ਭਾਵੇਂ ਕਿ ਉਸ ਇਸ ਸੱਭ ਬਾਰੇ ਕਿਸੇ ਨਾਲ ਗੱਲ ਨਾ ਕਰਦਾ ਅਤੇ ਮਨੋਂ ਮਨੀਂ ਸੋਚਦਾ ਕਿ ਇਹ ਕਿਹੋ ਜਿਹਾ ਧਰਮ ਸੰਕਟ ਬਣਿਆ ਪਿਆ ਏ? ਇੱਕ ਪਾਸੇ ਗੁਰਦੁਆਰਾ ਸਾਹਿਬ, ਗੁਰੂ ਦੀ ਹਜ਼ੂਰੀ ਵਿੱਚ ਅਸੀਂ ਲਾਵਾਂ ਲੈਂਦੇ ਹਾਂ ਅਤੇ ਇੱਕ ਦੂਜੇ ਦਾ ਜੀਵਨ ਭਰ ਸਾਥ ਦੇਣ ਦਾ ਅਹਿਦ ਕਰਦੇ ਹਾਂ। ਜ਼ਿੰਦਗੀ ਦੇ ਹਰ ਸੁੱਖ ਦੁੱਖ ਵਿੱਚ ਇੱਕ ਦੂਜੇ ਦਾ ਸਾਥ ਦੇਣਾ ਹੁੰਦਾ ਹੈ। ਇੱਕ ਦੂਜੇ ਦੀ ਖ਼ੁਸ਼ੀ ਵਿੱਚ ਖ਼ੁਸ਼ੀ ਲੱਭਣੀ ਹੁੰਦੀ ਹੈ। ਕਈ ਵਾਰ ਨਿੱਜੀ ਕੁਰਬਾਨੀਆਂ ਵੀ ਕਰਨੀਆਂ ਪੈਂਦੀਆਂ ਹਨ। ਹੁਣ ਜੇ ਮੈਂ ਘਰ ਗੱਲ ਕਰਦਾ ਹਾਂ ਤਾਂ ਫਿਰ ਸਿਆਪਾ ਪੈਣਾ ਏ। ਇਹ ਜਿਹੜੀ ਮੇਰੇ ਲੜ ਲੱਗੀ ਹੈ, ਇਹਦੀਆਂ ਆਪਣੀਆਂ ਮਜ਼ਬੂਰੀਆਂ ਨੇ। ਨਾ ਇਹ ਮੈਨੂੰ ਛੱਡ ਸਕਦੀ ਹੈ ਨਾ ਮੈਂ ਇਹਨੂੰ। ਨਾ ਇਹਦਾ ਤੀਜਾ ਵਿਆਹ ਕਰਵਾਉਣ ਦਾ ਮਨ ਆ ਅਤੇ ਮੇਰਾ ਤਾਂ ਦੂਜਾ ਹੀ ਕਰਵਾਉਣ ਦਾ ਮਨ ਨਹੀਂ ਸੀ। ਇਹ ਫਿਰ ਇੱਕ ਔਰਤ ਹੈ ਕੋਈ ਪਸ਼ੂ ਥੋੜੈ, ਜੋ ਵਾਰ ਵਾਰ ਮੰਡੀਆਂ ਵਿੱਚ ਵਿਕਦਾ ਰਹੇ।

ਜੇ ਮੈ ਇਹਨੂੰ ਛੱਡ ਦੇਵਾਂ ਤਾਂ ਇਹਨੇ ਤਬਾਹ ਹੋ ਜਾਣਾ, ਕਿਉਂ ਜੁ ਸਰਬਜੀਤ ਇਸ ਘਰ ਪਰਵਾਰ ਵਿੱਚ ਪੂਰੀ ਤਰ੍ਹਾਂ ਰਚ ਮਿੱਚ ਗਈ ਸੀ। ਗੁਰਦਿੱਤ ਦੇ ਭਰਾ ਦਾ ਵਿਆਹ ਵੀ, ਦੋ ਕੁ ਸਾਲ ਪਹਿਲਾਂ ਹੋ ਚੁੱਕਾ ਸੀ, ਜਿਸ ਘਰ ਇੱਕ ਬੇਟਾ ਪੈਦਾ ਹੋਇਆ ਸੀ। ਸਰਬਜੀਤ ਉਸ ਬੱਚੇ ਨੂੰ ਵੀ ਬਹੁਤ ਪਿਆਰ ਕਰਦੀ ਸੀ। ਉਸ ਕੋਲ ਸਾਰਾ ਪਰਵਾਰ ਸੀ। ਰੀਝਾਂ ਪੂਰੀਆਂ ਕਰਨ ਵਾਲਾ ਪਤੀ, ਮਾਂ-ਬਾਪ ਵਾਂਗ ਪਿਆਰ ਕਰਨ ਵਾਲਾ ਸੱਸ-ਸਹੁਰਾ, ਭੈਣਾਂ ਵਰਗੀ ਦਰਾਣੀ ਅਤੇ ਭਰਾਵਾਂ ਵਰਗਾ ਦਿਓਰ ਅਤੇ ਸੁੱਖ ਨਾਲ ਹੁਣ ਇੱਕ ਛੋਟਾ ਭਤੀਜਾ ਵੀ ਸੀ।

ਗੁਰਦਿੱਤ ਤਾਂ ਸਰਬਜੀਤ ਦੀਆਂ ਭਾਵਨਾਵਾਂ ਅਤੇ ਮਜ਼ਬੂਰੀਆਂ ਨੂੰ ਸਮਝ ਚੁੱਕਾ ਸੀ, ਪਰ ਹੁਣ ਉਹ ਕੁੱਝ ਕਰ ਨਹੀਂ ਸੀ ਸਕਦਾ। ਸੁੱਖ ਨਾਲ ਸੱਤ ਵਰ੍ਹੇ ਬੀਤ ਗਏ ਸਨ। ਨਾ ਤਾਂ ਸਰਬਜੀਤ ਦੀ, ਗੁਰਦਿੱਤ ਦੇ ਕਾਰੋਬਾਰ ਵਿੱਚ ਕੋਈ ਦਿਲਚਸਪੀ ਸੀ ਨਾ ਹੀ ਉਸਦੀ ਜ਼ਿੰਦਗੀ ਵਿੱਚ, ਸ਼ਾਇਦ ਉਹ ਦਿਲੋਂ ਗੁਰਦਿੱਤ ਨੂੰ ਪਸੰਦ ਵੀ ਨਹੀਂ ਸੀ ਕਰਦੀ, ਪਰ ਮਜ਼ਬੂਰੀ ਵੱਸ ਇਹ ਪਤੀ-ਪਤਨੀ ਦਾ ਰਿਸ਼ਤਾ ਨਿਭਾਉਣਾ ਹੀ ਪੈਣਾ ਸੀ।

ਸਮਾਂ ਆਪਣੀ ਚਾਲੇ ਚੱਲਦਾ ਜਾ ਰਿਹਾ ਸੀ। ਵਿਆਹ ਦੀ ਸੱਤਵੀਂ ਵਰੇਗੰਢ ਆ ਗਈ। ਹੁਣ ਨਿੱਕੀ ਨਿੱਕੀ ਗੱਲ ਤੋਂ ਦੋਵਾਂ ਜੀਆਂ ਵਿੱਚ ਲੜਾਈ ਹੋਣ ਲੱਗ ਪਈ ਸੀ। ਗੁਰਦਿੱਤ ਸਾਰਾ ਦਿਨ ਕੰਮ ਤੋਂ ਥੱਕਿਆ ਘਰ ਆਉਂਦਾ, ਪਰ ਅਗੋਂ ਉਸਨੂੰ ਨਾ ਕੋਈ ਪਾਣੀ ਪੁੱਛਿਆ ਜਾਂਦਾ ਨਾ ਹੀ ਸਹੀ ਢੰਗ ਨਾਲ ਰੋਟੀ ਪਾ ਕੇ ਦਿੱਤੀ ਜਾਂਦੀ। ਸਰਬਜੀਤ ਦਾ ਸੁਭਾਅ ਹੋਰ ਵੀ ਖੁਸ਼ਕ ਜਿਹਾ ਹੁੰਦਾ ਜਾ ਰਿਹਾ ਸੀ,

ਉਹ ਆਪਣੇ ਸੱਸ-ਸਹੁਰੇ ਨਾਲ ਵੀ ਕਈ ਵਾਰ ਉੱਚਾ ਨੀਵਾਂ ਬੋਲ ਜਾਂਦੀ ਅਤੇ ਘਰਵਾਲੇ ਦੀ ਇੱਜ਼ਤ ਤਾਂ ਬੱਸ ਨਾਂ-ਮਾਤਰ ਹੀ ਕਰਦੀ। ਉਸਦੇ ਸੁਭਾਅ ਵਿੱਚ ਚਿੜਚਿੜਾਪਣ ਦਿਨੋਂ ਦਿਨ ਵੱਧਦਾ ਜਾ ਰਿਹਾ ਸੀ। ਬੱਚਿਆਂ ਵਾਂਗ ਆਪਣੀ ਹਰ ਚੀਜ਼ ਲੁਕਾ ਕੇ ਰੱਖਣੀ, ਅਲਮਾਰੀਆਂ ਆਦਿ ਨੂੰ ਲਾਕ ਲਗਾ ਕੇ ਰੱਖਣਾ। ਨਾ ਗੁਰਦਿੱਤ ਨੂੰ ਕੱਪੜੇ ਕੱਢ ਕੇ ਦੇਣ। ਜੇ ਉਹ ਕੋਈ ਚੀਜ਼ ਕਮਰੇ ਵਿੱਚ ਰੱਖ ਦਿੰਦਾ ਤਾਂ ਕੁੱਝ ਪਲਾਂ ਵਿੱਚ ਉਹ ਚੀਜ਼ ਕਮਰੇ ਵਿੱਚੋਂ ਨਿਕਲ ਕੇ, ਬਾਹਰ ਗੈਲਰੀ ਵਿੱਚ ਆ ਜਾਂਦੀ। ਬੜਾ ਕੁੱਝ ਦੋਵਾਂ ਜੀਆਂ ਵਿੱਚ ਚੱਲਦਾ, ਪਰ ਗੁਰਦਿੱਤ ਇਸ ਨੂੰ ਇੱਕ ਭਾਣੇ ਵਾਂਗ ਮੰਨਣ ਲੱਗ ਪਿਆ ਸੀ। ਹੋਰ ਉਹ ਕਰ ਵੀ ਕੀ ਸਕਦਾ ਸੀ?

ਉਹ ਇੱਕ ਨਾਮਵਰ ਵਿਅਕਤੀ ਬਣ ਚੁੱਕਿਆ ਸੀ। ਕਾਰੋਬਾਰ ਵਿੱਚ ਵੀ ਖ਼ੂਬ ਤਰੱਕੀ ਹੋ ਗਈ ਸੀ। ਨਵੀਂ ਖ਼੍ਰੀਦ ਕਾਰ ਵੀ ਲਈ ਸੀ। ਘਰ, ਪਰਵਾਰ, ਕਾਰੋਬਾਰ, ਸ਼ੋਹਰਤ ਸੱਭ ਕੁੱਝ ਸੀ, ਜੇ ਨਹੀਂ ਸੀ ਤਾਂ ਉਹ ਸੀ ਜੀਵਣ ਸਾਥੀ ਦਾ ਪਿਆਰ। ਉਹ ਜੀਅ ਤਾਂ ਰਿਹਾ ਸੀ ਪਰ ਇੱਕ ਬੇਮੰਜ਼ਲੇ ਸਫਰ ਵਾਂਗ ਬੱਸ ਸਮਾਂ ਹੀ ਕੱਟ ਰਿਹਾ ਸੀ। ਪਰ ਅੰਦਰੋਂ ਅੰਦਰੀ ਉਹ ਦਿਨ-ਬ-ਦਿਨ ਟੁੱਟਦਾ ਜਾ ਰਿਹਾ ਸੀ।

ਗੁਰਦਿੱਤ ਦੇ ਪਰਵਾਰ ਵਾਲੇ ਵੀ ਦੋਹਾਂ ਦੀ ਬੁੜ-ਬੁੜ ਤੋਂ ਕਾਫੀ ਪ੍ਰੇਸ਼ਾਨ ਰਹਿੰਦੇ ਸਨ। ਦੋਵੇਂ ਅਕਸਰ ਇੱਕ ਦੂਜੇ ਨਾਲ ਤੂੰ-ਤੂੰ, ਮੈਂ-ਮੈਂ ਕਰਦੇ ਰਹਿੰਦੇ। ਪਰ ਇਸ ਸੱਭ ਦੇ ਬਾਵਜੂਦ ਉਹਨੇ ਕਦੇ ਸਰਬਜੀਤ 'ਤੇ ਹੱਥ ਨਹੀਂ ਸੀ ਚੁੱਕਿਆ। ਪਰ ਸਰਬਜੀਤ ਬੋਲਣ ਲੱਗਿਆਂ ਅੱਗਾ ਪਿੱਛਾ ਨਾ ਦੇਖਦੀ, ਤੁਸੀਂ ਤੋਂ ਹੁਣ ਤੂੰ 'ਤੇ ਆ ਚੁੱਕੀ ਸੀ। ਗੁਰਦਿੱਤ ਦਾ ਸੁਭਾਅ ਵੀ ਕਾਫੀ ਕੌੜਾ ਹੁੰਦਾ ਜਾ ਰਿਹਾ ਸੀ, ਪਰ ਦਿਲ ਦਾ ਉਹ ਅਜੇ ਵੀ ਨਰਮ ਹੀ ਸੀ। ਗੁਰਬਾਣੀ ਉਹਦੇ ਚਿੱਤ ਚੇਤੇ ਵਿੱਚ ਵਿਚਰਦੀ ਹੀ ਰਹਿੰਦੀ ਸੀ। ਵਿਸ਼ਾ ਸਿੱਖ ਇਹਤਾਸ, ਪੰਜਾਬੀ ਸੱਭਿਆਚਾਰ ਜਾਂ ਰਾਜਨੀਤਿਕ ਦਾ ਹੋਵੇ ਹਰ ਵਿਸ਼ੇ 'ਤੇ ਉਹਦੀ ਚੰਗੀ ਪਕੜ ਸੀ। ਵੱਖ-ਵੱਖ ਟੀ.ਵੀ./ਅਖ਼ਬਾਰਾਂ ਵਿੱਚ ਉਹਦੀਆਂ ਇੰਟਰਵਿਊਜ਼ ਆਉਂਦੀਆਂ ਰਹਿੰਦੀਆਂ ਸਨ। ਹੁਣ ਤੱਕ ਵੱਖ-ਵੱਖ ਵਿਸ਼ਿਆਂ 'ਤੇ ਉਸਦੀਆਂ ਗਿਆਰਾਂ ਕਿਤਾਬਾਂ ਛੱਪ ਚੁੱਕੀਆਂ ਸਨ। ਕਾਰੋਬਾਰ ਵਿੱਚ ਉਹਨੇ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਤਿੰਨ ਦਫ਼ਤਰ ਵੀ ਖੋਲ੍ਹ ਲਏ ਸਨ। ਸ਼ੇਅਰ ਮਾਰਕੀਟ ਵਿੱਚ ਵੀ ਮੋਟਾ ਪੈਸਾ ਇੰਨਵਸਟ ਕਰ ਚੁੱਕਿਆ ਸੀ, ਜੋ ਹੌਲੀ ਹੌਲੀ ਵੱਧਦਾ ਜਾ ਰਿਹਾ ਸੀ।

ਘਰ ਪਰਵਾਰ ਵਾਲੇ ਬੜਾ ਕਹਿੰਦੇ, ਤੁਹਾਡੇ ਘਰ ਰੱਬ ਧੀ-ਪੁੱਤ ਦੇ ਦੇਵੇਗਾ ਤਾਂ ਆਪੇ ਸਰਬਜੀਤ ਦੇ ਸੁਭਾਅ ਵਿੱਚ ਫ਼ਰਕ ਪੈ ਜਾਵੇਗਾ। ਇਨੀਂ ਦਿਨੀਂ

ਹੀ ਗੁਰਦਿੱਤ ਦੀ ਭਰਜਾਈ ਮੁੜ ਗਰਭਵਤੀ ਹੋ ਗਈ ਘਰ ਵਿੱਚ ਇਹ ਚਰਚਾ ਹੋਣ ਲੱਗ ਪਿਆ ਕਿ ਜਿਹੜਾ ਵੀ ਜੀਅ ਆਵੇਗਾ ਉਹ ਗੁਰਦਿੱਤ ਅਤੇ ਸਰਬਜੀਤ ਦੀ ਝੋਲੀ ਪਾ ਦਿੱਤਾ ਜਾਵੇਗਾ। ਇਸ ਗੱਲ ਦਾ ਜਦ ਗੁਰਦਿੱਤ ਨੂੰ ਪਤਾ ਲੱਗਾ ਤਾਂ ਉਹ ਬਹੁਤ ਨਾਰਾਜ਼ ਹੋਇਆ, ਪਰ ਸਰਬਜੀਤ ਇਸ ਗੱਲ ਲਈ ਪੂਰੀ ਤਰ੍ਹਾਂ ਬਿਨ੍ਹਾਂ ਕੋਈ ਸਲਾਹ ਗੁਰਦਿੱਤ ਨਾਲ ਕੀਤੇ ਆਪਣੇ ਸੱਸ-ਸਹੁਰੇ ਨਾਲ ਗੰਡ ਤੁੱਪ ਕਰ ਚੁੱਕੀ ਸੀ। ਇਸ ਗੱਲ ਨਾਲ ਗੁਰਦਿੱਤ ਬਹੁਤ ਭੜਕਿਆ, ਉਸਨੇ ਸਖਤ ਲਫਜ਼ਾਂ ਵਿੱਚ ਕਿਹਾ ਇਹ ਕਦੇ ਨਹੀਂ ਹੋ ਸਕਦਾ ਨਾ ਹੀ ਹੋਵੇਗਾ। ਗੁਰਦਿੱਤ ਦੇ ਪਰਵਾਰ ਨੇ ਇਸ ਗੱਲ ਦਾ ਬਹੁਤ ਬੁਰਾ ਮਨਾਇਆ ਅਤੇ ਗੁਰਦਿੱਤ ਨੂੰ ਵੀ ਬੁਰਾ ਭਲਾ ਕਿਹਾ।

ਪਰ ਹੁਣ ਦੋਵਾਂ ਦੀ ਇਹ ਵਿਆਹੁਤਾ ਜ਼ਿੰਦਗੀ ਅੱਠਵੇਂ ਸਾਲ ਵਿੱਚ ਦਾਖ਼ਲ ਹੋ ਚੁੱਕੀ ਸੀ। ਤਲਾਕ, ਮੁੜ ਵਿਆਹ ਇਹ ਸੱਭ ਗੁਰਦਿੱਤ ਨਹੀਂ ਸੀ ਚਾਹੁੰਦਾ, ਪਰ ਸਰਬਜੀਤ ਕਿਸੇ ਵੀ ਬੰਨ੍ਹੇ ਨਹੀਂ ਸੀ ਲੱਗ ਰਹੀ। ਬੱਸ ਸੱਸ-ਸਹੁਰੇ ਨਾਲ ਝੂਠ 'ਤੇ ਝੂਠ ਬੋਲਦੀ ਰਹਿੰਦੀ। ਹੌਲੀ ਹੌਲੀ ਸੱਸ ਸਹੁਰੇ ਦੇ ਮਨੋਂ ਵੀ ਸਰਬਜੀਤ ਦ ਜਾਦੂ ਲੱਥਣ ਲੱਗ ਪਿਆ ਸੀ ਅਤੇ ਘਰ ਵਿੱਚ ਅਕਸਰ ਕਿਸੇ ਨਾ ਕਿਸੇ ਛੋਟੀ ਜਾਂ ਮੋਟੀ ਗੱਲ ਤੋਂ ਲੜਾਈ ਝਗੜਾ ਰਹਿਣ ਲੱਗ ਪਿਆ। ਗੁਰਦਿੱਤ ਪਿਛਲੇ ਤਿੰਨ ਸਾਲਾਂ ਤੋਂ ਘਰ ਵਿੱਚ ਬਿਨ੍ਹਾਂ ਕਿਸੇ ਜ਼ਰੂਰੀ ਲੋੜ ਤੋਂ ਕਿਸੇ ਨੂੰ ਨਹੀਂ ਸੀ ਬੁਲਾਉਂਦਾ। ਕਿਤੇ ਨਾ ਕਿਤੇ ਇਸ ਸੱਭ ਲਈ ਉਹ ਆਪਣੇ ਮਾਤਾ-ਪਿਤਾ ਨੂੰ ਸੱਭ ਤੋਂ ਵੱਧ ਕਸੂਰਵਾਰ ਮੰਨਦਾ ਸੀ, ਜਿਨ੍ਹਾਂ ਨੇ ਕੇਵਲ ਵਿਚੋਲੇ (ਸੰਤੋਖ ਸਿੰਘ) ਦੀਆਂ ਕਹੀਆਂ ਗੱਲਾਂ 'ਤੇ ਹੀ ਯਕੀਨ ਕਰ ਲਿਆ ਅਤੇ ਆਪਣੇ ਤੌਰ 'ਤੇ ਇੱਕ ਵਾਰ ਇਹ ਕੋਸ਼ਿਸ਼ ਨਹੀਂ ਕੀਤੀ ਕਿ ਜਿਸ ਕੁੜੀ ਨਾਲ ਮੁੰਡੇ ਦਾ ਵਿਆਹ ਕਰਨ ਲੱਗੇ ਹਾਂ, ਉਹਦਾ ਪਹਿਲਾਂ ਛੱਡ-ਛੁਡਾਅ ਕਿਉਂ ਹੋਇਆ, ਉਹ ਕਿਥੇ ਵਿਆਹੀ ਸੀ, ਕਦੋਂ ਵਿਆਹੀ ਸੀ, ਕਿੰਨਾ ਚਿਰ ਰਹੀ ਸੀ? ਜਦਕਿ ਸਰਬਜੀਤ ਦੇ ਪਰਵਾਰ ਵੱਲੋਂ ਬਾਹਰੀ ਤੌਰ 'ਤੇ ਗੁਰਦਿੱਤ ਬਾਰੇ ਸਾਰਾ ਕੁੱਝ ਰੋਕੇ ਤੋਂ ਪਹਿਲਾਂ ਹੀ ਪਤਾ ਕਰਵਾ ਲਿਆ ਸੀ, ਜਿਸ ਬਾਰੇ ਇਕ ਵਾਰ ਸਰਬਜੀਤ ਨੇ ਆਪ ਗੱਲਾਂ ਗੱਲਾਂ ਵਿੱਚ ਦੱਸਿਆ ਸੀ।

ਇਸੇ ਕਰਕੇ ਗੁਰਦਿੱਤ ਆਪਣੀ ਦੂਜੀ ਵਾਰ ਵਾਲੀ ਵਿਆਹੁਤਾ ਜ਼ਿੰਦਗੀ ਨੂੰ ਖਰਾਬ ਕਰਨ ਵਿੱਚ ਆਪਣੇ ਅਤੇ ਸਰਬਜੀਤ ਦੇ ਮਾਂ=ਬਾਪ ਨੂੰ ਸੱਭ ਤੋਂ ਵੱਧ ਕਸੂਰਵਾਰ ਮੰਨਦਾ ਸੀ। ਜੇਕਰ ਸਰਬਜੀਤ ਦਾ ਉਸਦੀ ਮਨਮਰਜ਼ੀ ਵਾਲੀ ਥਾਂ 'ਤੇ ਵਿਆਹ ਕੀਤਾ ਹੁੰਦਾ ਤਾਂ, ਨਾਹੀ ਉਸਦਾ ਪਹਿਲਾ ਵਿਆਹ ਖਰਾਬ ਹੋਣਾ ਸੀ ਅਤੇ ਨਾ ਹੀ ਦੂਜੇ ਵਿਆਹ ਵਿੱਚ ਗੁਰਦਿੱਤ ਦੀ ਅਤੇ ਸਰਬਜੀਤ ਦੀ ਪੂਰੀ ਜ਼ਿੰਦਗੀ

ਖਰਾਬ ਹੋਣੀ ਸੀ। ਵਿਆਹ ਸਬੰਧੀ ਦੋਹਾਂ ਪਤੀ-ਪਤਨੀ ਵਿੱਚ ਸੌ ਪਰਦੇ ਹੁੰਦੇ ਹਨ, ਪਰ ਇਹ ਸੱਭ ਕੁੱਝ ਨਾ ਤਾਂ ਉਹ ਆਪਣੇ ਕਿਸੇ ਪਰਵਾਰ ਦੇ ਮੈਂਬਰ ਨਾਲ ਸਾਂਝਾ ਕਰ ਸਕਦਾ ਸੀ ਅਤੇ ਨਾ ਹੀ ਕਿਸੇ ਹੋਰ ਸੰਗੀ ਸਾਥੀ ਨਾਲ, ਕਿਉਂਕਿ ਇਹ ਗੁਰਦਿੱਤ ਦੀ ਜ਼ਿੰਦਗੀ ਵਾਸਤੇ ਵੱਡਾ ਮਜ਼ਾਕ ਬਣ ਸਕਦਾ ਸੀ। ਉਸਦਾ ਕੈਰੀਅਰ ਵੀ ਖ਼ਰਾਬ ਹੋ ਸਕਦਾ ਸੀ।

ਸੁੱਖ ਨਾਲ ਗੁਰਦਿੱਤ ਹੁਣ ਬੱਤੀ ਵਰ੍ਹਿਆਂ ਦਾ ਹੋ ਗਿਆ ਸੀ ਪਰ ਉਸਦੀ ਦਿੱਖ ਅਤੇ ਸੁੰਦਰਤਾ, ਚਿਹਰੇ ਦਾ ਨਿਖਾਰ ਅਜੇ ਵੀ ਇਉਂ ਲੱਗਦਾ ਸੀ ਜਿਵੇਂ ਉਹ ਅਣਵਿਆਹਿਆ ਹੋਵੇ। ਜਦ ਕਿਸੇ ਨੂੰ ਉਹ ਦੱਸਦਾ ਕਿ ਉਹ ਵਿਆਹਿਆ ਹੈ ਤਾਂ ਕੋਈ ਯਕੀਨ ਨਾ ਕਰਦਾ, ਜੇ ਕੋਈ ਕਰਦਾ ਤਾਂ ਇਹੀ ਪੁੱਛਦਾ ਫਿਰ ਤੁਸੀਂ ਨਿਊਲੀ ਮੈਰਿਡ ਹੋ? ਜੇ ਉਹ ਨਾਂਹ ਕਹਿੰਦਾ ਤਾਂ ਵੀ ਪੰਗਾ, ਜੇ ਹਾਂ ਕਹਿੰਦਾ ਤਾਂ ਪੁੱਛਣ ਵਾਲਾ ਇੱਕ ਹੋਰ ਸਵਾਲ ਕਰ ਦਿੰਦਾ, ਬੱਚੇ ਹੈਗੇ ਨੇ ਤੁਹਾਡੇ? ਇਨ੍ਹਾਂ ਸਵਾਲਾਂ ਤੋਂ ਗੁਰਦਿੱਤ ਦੇ ਦਿਲ 'ਤੇ ਬੜੀ ਡੂੰਘੀ ਸੱਟ ਵੱਜਦੀ, ਪਰ ਉਹ ਹਾਸੇ ਨਾਲ ਗੱਲ ਟਾਲਦਾ ਹੋਇਆ ਕਹਿ ਦਿੰਦਾ, 'ਅਸੀਂ ਤਾਂ ਅਜੇ ਆਪ ਬੱਚੇ ਹਾਂ, ਬੱਚੇ ਜੰਮ ਕੇ ਕੀ ਕਰਨਾ?' ਜਾਂ ਕਹਿ ਦਿੰਦਾ, 'ਅਜੇ ਸਾਡੇ ਆਪਣੇ ਸ਼ੌਂਕ ਪੂਰੇ ਨਹੀਂ ਹੋਏ ਨਿਆਣੇ ਜੰਮ ਕੇ ਉਹਨਾਂ ਦੇ ਸ਼ੌਂਕ ਕਿੱਥੋਂ ਪੂਰੇ ਕਰਾਂਗੇ?' ਇਸ ਤਰ੍ਹਾਂ ਮੌਕਾ ਸਾਂਭਿਆ ਜਾਂਦਾ ਅਤੇ ਗੱਲ ਆਈ ਗਈ ਹੋ ਜਾਂਦੀ।

ਗੁਰਦਿੱਤ ਵਿਆਹਿਆ ਹੋਇਆ ਵੀ, ਕੁਆਰਿਆਂ ਵਰਗੀ ਜ਼ਿੰਦਗੀ ਬਤੀਤ ਕਰ ਰਿਹਾ ਸੀ, ਘਰ ਦੇ ਸਾਰੇ ਕੰਮ ਉਸਨੂੰ ਆਪ ਕਰਨ ਦੀ ਆਦਤ ਪੈ ਗਈ ਸੀ, ਅਖੇ: 'ਜੇ ਕਹਿ ਕੇ ਹੀ ਘਰਵਾਲੀ ਤੋਂ ਕੰਮ ਕਰਵਾਇਆ ਤਾਂ ਕੀ ਕਰਵਾਇਆ, ਇੱਦਾਂ ਤਾਂ ਉਹਦੇ ਦਫ਼ਤਰ ਵਿੱਚ ਸਾਰਾ ਸਟਾਫ ਵੀ ਉਹਦੇ ਕਹੇ 'ਤੇ ਭੱਜਾ ਫਿਰਦੈ ਉਹਦੇ ਕੰਮ ਕਰਨ ਨੂੰ।' ਉਹ ਅਕਸਰ ਗਾਉਂਦਾ ਰਹਿੰਦਾ, 'ਆਪਣਾ ਕੰਮ ਆਪ ਕਰਨ ਦੀ ਆਦਤ ਪਾ ਲਈ ਐ, ਕੱਲਿਆਂ ਹੀ ਹੁਣ ਰਹਿਣੈ ਮਨ ਨੂੰ, ਗੱਲ ਸਮਝਾ ਲਈ ਐ।'

ਘਰ ਪਰਵਾਰ ਵਿੱਚ ਵੀ ਛੋਟੇ ਭਰਾ ਅਤੇ ਉਹਦੀ ਵਹੁਟੀ ਦੀ ਇੱਜ਼ਤ ਕੁੱਝ ਜ਼ਿਆਦਾ ਹੋ ਗਈ ਸੀ, ਇਹੋ ਜਿਹਾ ਫ਼ਰਕ ਆਮ ਤੌਰ 'ਤੇ ਹੀ ਮੱਧ ਵਰਗੀ ਪਰਵਾਰਾਂ ਵਿੱਚ ਜਲਦੀ ਦਿੱਸ ਪੈਂਦਾ ਹੈ।

ਖ਼ੈਰ! ਛੋਟੇ ਵੱਲ ਹੁਣ ਇੱਕ ਹੋਰ ਬੇਟੇ ਨੇ ਜਨਮ ਲਿਆ। ਹਸਪਤਾਲ ਵਿੱਚੋਂ ਕਰਤਾਰ ਸਿੰਘ ਦਾ ਫੋਨ ਆਇਆ, ਕਿ ਗੁਰਦਿੱਤ ਅਤੇ ਸਰਬਜੀਤ ਜਲਦੀ ਹਸਪਤਾਲ ਆਓ ਅਤੇ ਪੁੱਤ ਨੂੰ ਆਪਣੀ ਝੋਲੀ ਪੁਆ ਲਉ। ਗੁਰਦਿੱਤ ਨੇ ਐਨਾ

ਹੀ ਕਿਹਾ, 'ਖੁਸ਼ੀਆਂ ਵਾਲਾ ਦਿਨ ਐ, ਬਾਪੂ ਜੀ! ਰੰਗ 'ਚ ਭੰਗ ਨਾ ਪਾਓ, ਮੇਰਾ ਫ਼ੈਸਲਾ ਉਹੀ ਹੈ ਜੋ ਪਹਿਲਾਂ ਸੀ ਨਾ ਮੈਂ ਬਦਲਿਆ ਹੈ, ਨਾ ਬਦਲਾਂਗਾ।'

ਸਾਰੇ ਪਰਵਾਰ ਨੂੰ ਦੁੱਖ ਤਾਂ ਲੱਗਾ ਪਰ ਹੁਣ ਗੁਰਦਿੱਤ ਅੱਗੇ ਕਿਸੇ ਵਿੱਚ ਵੀ ਬੋਲਣ ਦੀ ਹਿੰਮਤ ਨਹੀਂ ਸੀ। ਹੁਣ ਉਹਦਾ ਆਪਣਾ ਇੱਕ ਵਜੂਦ ਸੀ ਅਤੇ ਉਹ ਪੂਰੀ ਮਨਮਰਜ਼ੀ ਕਰਨ ਦਾ ਹੱਕਦਾਰ ਸੀ, ਜੋ ਹੱਕ ਉਸ ਕੋਲੋਂ ਕੋਈ ਨਹੀਂ ਸੀ ਖੋਹ ਸਕਦਾ। ਭਰਾ ਦੇ ਬੱਚੇ ਵੱਡੇ ਹੋ ਰਹੇ ਸਨ। ਕਈ ਵਾਰ ਘਰ ਵਿੱਚ ਗੱਲ ਚੱਲਦੀ ਕਿ ਵੱਡੇ ਨੂੰਹ-ਪੁੱਤ ਨੂੰ ਵੱਖ ਕਰ ਦਿੰਦੇ ਹਾਂ, ਨਾਲੇ ਇਹ ਕਿਹੜਾ ਕਿਸੇ ਨੂੰ ਚੱਜ ਨਾਲ ਬੁਲਾਉਂਦਾ ਜਾਂ ਮਿਲਦਾ ਵਰਤਦਾ ਹੈ, ਆਪਣਾ ਕਮਾਉਂਦਾ ਆਪਣਾ ਖਾਂਦਾ ਹੈ, ਭਾਵੇਂ ਕਿ ਘਰ ਵਿੱਚ ਰਾਸ਼ਨ ਤੋਂ ਲੈ ਕੇ ਬਿਜਲੀ ਦੇ ਬਿੱਲ ਤੱਕ ਹਰ ਖਰਚੇ ਵਿੱਚੋਂ ਅੱਧਾ ਖਰਚਾ ਗੁਰਦਿੱਤ ਦੇ ਹਿੱਸੇ ਬੱਝਦਾ ਸੀ, ਜਿਸਨੂੰ ਉਹ ਖੁਸ਼ੀ ਖੁਸ਼ੀ ਸਮੇਂ ਸਿਰ ਅਦਾ ਕਰਦਾ ਸੀ। ਵੱਖ ਹੋਣ ਵਾਲੇ ਵਿਚਾਰ ਤੋਂ ਸਰਬਜੀਤ ਨੂੰ ਜਿਵੇਂ ਖੁਸ਼ੀ ਚੜ੍ਹ ਜਾਂਦੀ। ਉਹ ਝੱਟ ਗੁਰਦਿੱਤ ਨਾਲ ਮਿੱਠੀ ਪਿਆਰੀ ਹੋ ਜਾਂਦੀ ਕਿ ਆਪਾਂ ਦੂਜੇ ਘਰ ਚੱਲੇ ਜਾਂਦੇ ਹਾਂ, ਮੰਮੀ ਡੈਡੀ ਵੀ ਇਹੀ ਕਹਿੰਦੇ ਨੇ, ਪਰ ਗੁਰਦਿੱਤ ਸਾਫ ਸ਼ਬਦਾਂ ਵਿੱਚ ਪਰਵਾਰ ਨਾਲੋਂ ਅੱਡ ਹੋਣ ਤੋਂ ਮਨ੍ਹਾਂ ਕਰ ਦਿੰਦਾ। ਉਸਨੂੰ ਪਤਾ ਸੀ ਕਿ ਸਰਬਜੀਤ ਉਸਦੀ ਕਿੰਨੀ ਕੁ ਇੱਜ਼ਤ ਕਰਦੀ ਐ, ਇਸ ਪਰਵਾਰ ਵਿੱਚ ਤਾਂ ਮਾਂ ਜਾਂ ਭਾਬੀ ਜਾਂ ਉਹ ਆਪਣੇ ਆਪ ਰੋਟੀ ਪਾ ਕੇ ਖਾ ਲੈਂਦਾ ਏ। ਕਈ ਵਾਰ ਦੇਰ ਰਾਤ ਤੱਕ ਆਪਣੇ ਲਈ ਦੁੱਧ ਵੀ ਆਪ ਗਰਮ ਕਰਦਾ ਅਤੇ ਪੀ ਕੇ ਸੌਂ ਜਾਂਦਾ। ਭਾਵੇਂ ਕੇ ਦੋਵੇਂ ਜੀਅ ਇੱਕ ਕਮਰੇ ਵਿੱਚ ਇੱਕੋ ਬੈੱਡ 'ਤੇ ਸੌਂਦੇ ਸਨ, ਪਰ ਉਹਨਾਂ ਦੋਵਾਂ ਦੇ ਸਿਰਹਾਣੇ ਕੰਬਲ/ਖੇਸੀ ਵੱਖੋ-ਵੱਖਰੇ ਹੀ ਹੁੰਦੇ ਸਨ। ਹੁਣ ਤਾਂ ਦੋ ਕੁ ਸਾਲਾਂ ਤੋਂ ਗੁਰਦਿੱਤ ਬਾਹਰ ਗੈਲਰੀ ਵਿੱਚ ਜਾਂ ਛੱਤ 'ਤੇ ਤਾਰਿਆਂ ਦੀ ਛਾਵੇਂ ਸੌਂ ਜਾਂਦਾ। ਉਹਨੂੰ ਡਰ ਸੀ, ਕਿ ਜੇ ਪਰਵਾਰ ਨਾਲੋਂ ਅਲੱਗ ਹੋ ਗਏ ਤਾਂ ਉਹਦਾ ਪ੍ਰਸ਼ਾਦਾ ਪਾਣੀ ਤਾਂ ਉਂਜ ਜੀ ਬੰਦ ਹੋ ਜਾਣਾ। ਕਿਉਂਕਿ ਉਹ ਸਰਬਜੀਤ ਦੇ ਸੁਭਾਅ ਨੂੰ ਸਮਝ ਚੁੱਕਿਆ ਸੀ, ਕਹਿੰਦੇ ਨੇ ਸੁਭਾਅ ਕਦੇ ਨਹੀਂ ਬਦਲਿਆ ਜਾ ਸਕਦਾ, ਜਦ ਤੱਕ ਅਗਲਾ ਖ਼ੁਦ ਵੀ ਬਲਦਣ ਨੂੰ ਤਿਆਰ ਨਹੀਂ।

ਦੋਵਾਂ ਵਿੱਚ ਕਈ ਵਾਰ ਬਹੁਤ ਜ਼ਿਆਦਾ ਨੋਕ-ਝੋਕ ਹੁੰਦੀ ਅਤੇ ਕਈ ਵਾਰ 6-6 ਮਹੀਨੇ ਇੱਕ ਦੂਜੇ ਨਾਲ ਬੋਲਚਾਲ ਬੰਦ ਰਹਿੰਦਾ। ਇੱਕ ਦੂਜੇ ਨੂੰ ਬਿਲਕੁੱਲ ਨਾ ਬੁਲਾਉਂਦੇ, ਇਸ ਦੇ ਬਾਵਜੂਦ ਸਰਬਜੀਤ, ਗੁਰਦਿੱਤ ਦੇ ਕੱਪੜੇ ਧੋ ਕੇ, ਪ੍ਰੈੱਸ ਕਰਕੇ, ਉਹਦੀ ਅਲਮਾਰੀ ਵਿੱਚ ਟਿਕਾ ਦਿੰਦੀ ਅਤੇ ਆਪਣੀਆਂ ਜ਼ੂਰਰੀ ਵਰਤਣ ਵਾਲੀਆਂ ਚੀਜ਼ਾਂ ਦੀ ਲਿਸਟ ਬਣਾ ਕੇ ਰੱਖ ਦਿੰਦੀ ਅਤੇ ਗੁਰਦਿੱਤ

ਸਾਰੀਆਂ ਚੀਜ਼ ਦੋ ਚਾਰ ਦਿਨਾਂ ਵਿੱਚ ਬਾਜ਼ਾਰੋਂ ਲਿਆ ਕੇ ਗੈਲਰੀ ਵਿੱਚ ਪਏ ਮੇਜ਼ 'ਤੇ ਰੱਖ ਦਿੰਦਾ। ਜਦ ਕਿਸੇ ਪਾਸੇ ਕੋਈ ਵਾਧੈ ਪੈਸੇ ਆਉਂਦੇ ਤਾਂ ਚੁੱਪ ਚਾਪ ਸਰਬਜੀਤ ਦੇ ਬੈਂਕ ਅਕਾਉਂਟ ਵਿੱਚ ਟਰਾਂਸਫਰ ਕਰ ਦਿੰਦਾ ਕਿ ਰੱਬ ਨਾ ਕਰੇ ਮੈਨੂੰ ਕੁੱਝ ਹੋ ਜਾਵੇ ਤਾਂ ਇਹ ਮਗਰੋਂ ਵਰਤ ਸਕੇ।

ਕਈ ਵਾਰ ਕਿਤੇ ਤਿਮਾਹੀ ਛਿਮਾਹੀ ਗੱਲ ਕਰਦੇ ਤਾਂ ਸਰਬਜੀਤ ਕਹਿ ਦਿੰਦੀ, 'ਕੋਈ ਨਾ ਸਾਡਾ ਰਿਸ਼ਤਾ ਵੀ ਠੀਕ ਹੋਜੂਗਾ ਕਿਸੇ ਦਿਨ, ਪਰ ਤੁਸੀਂ ਮੈਨੂੰ ਸਮਝਦੇ ਹੀ ਨਹੀਂ ਹੋ। ਮੈਨੂੰ ਅੱਜ ਤੱਕ ਕਿਸੇ ਨੇ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ। ਕੁੜੀਆਂ ਦੀ ਸਾਰੀ ਜ਼ਿੰਦਗੀ ਇਸ ਤਰ੍ਹਾਂ ਹੀ ਲੰਘ ਜਾਂਦੀ ਐ। ਨਾ ਆਪਣੀ ਮਰਜ਼ੀ ਦਾ ਖਾ ਸਕਦੀਆਂ ਨੇ, ਨਾ ਪਹਿਣ ਸਕਦੀਆਂ ਨੇ ਅਤੇ ਆਪਣੀ ਮਰਜ਼ੀ ਨਾਲ ਜੀਅ ਤਾਂ ਬਿਲਕੁੱਲ ਨਹੀਂ ਸਕਦੀਆਂ। ਮੇਰੇ ਬੜੇ ਸੁਪਨੇ ਸੀ ਗੂਰੀ (ਗੁਰਦਿੱਤ) ਜੀ, ਸੱਭ ਟੁੱਟ ਚੁੱਕੇ ਨੇ। ਮੇਰੀ ਜ਼ਿੰਦਗੀ ਖ਼ਰਾਬ ਹੋ ਚੁੱਕੀ ਹੈ। ਤੁਸੀਂ ਉਸ ਤਰ੍ਹਾਂ ਦੇ ਬਿਲਕੁੱਲ ਨਹੀਂ ਹੋ ਜਿਸ ਤਰ੍ਹਾਂ ਦਾ ਲਾਈਫ ਪਾਰਟਨਰ ਮੈਂ ਸੋਚਿਆ ਸੀ।'

'ਪਰ ਲੋਕ ਤਾਂ ਮੈਨੂੰ ਬਹੁਤ ਚੰਗਾ ਸਮਝਦੇ ਨੇ ਕਿ ਮੈਂ ਮਲਟੀਟੈਲੰਟਡ ਹਾਂ। ਸੱਭ ਕੁੱਝ ਹੈ ਨਾਮ, ਪੈਸਾ, ਸ਼ੌਅਰਤ, ਕਾਰੋਬਾਰ ਅਤੇ ਹੱਸਮੁੱਖ ਸੁਭਾਅ। ਹੋਰ ਤੈਨੂੰ ਕੀ ਚਾਹੀਦਾ ਸੀ?' ਗੁਰਦਿੱਤ ਕਹਿੰਦਾ।

'ਨਹੀਂ ਮੈਂ ਤੁਹਾਨੂੰ ਮਾੜਾ ਨਹੀਂ ਕਹਿੰਦੀ, ਤੁਸੀਂ ਬਹੁਤ ਚੰਗੇ ਹੋ। ਪਰ ਮੈਨੂੰ ਤੁਹਾਡੇ ਕਿਸੇ ਵੀ ਕੰਮ ਵਿੱਚ ਕੋਈ ਇੰਟਰਸਟ ਨਹੀਂ ਹੈ। ਮੇਰੀ ਜ਼ਿੰਦਗੀ ਮੇਰੇ ਘਰਦਿਆਂ ਨੇ ਹੀ ਖ਼ਰਾਬ ਕੀਤੀ ਐ। ਕੋਈ ਨਾ ਆਪਣੇ ਵਿੱਚ ਵੀ ਰਿਸ਼ਤਾ ਬਣ ਜਾਊਗਾ।' ਸਰਬਜੀਤ ਕਹਿੰਦੀ।

'ਸ਼ਾਇਦ ਹਾਂ ਜਾਂ ਸ਼ਾਇਦ ਨਹੀਂ। ਹੁਣ ਬਹੁਤ ਸਮਾਂ ਲੰਘ ਗਿਐ ਸਰਬਜੀਤ। ਸੱਚ ਦੱਸਾਂ ਹੁਣ ਮੇਰੀ ਵੀ ਤੇਰੇ ਵਿੱਚ ਕੋਈ ਦਿਲਚਸਪੀ ਨਹੀਂ ਰਹੀ ਮੈਨੂੰ ਇਹ ਵੀ ਪਤੈ ਕਿ ਤੇਰੇ 'ਚ ਵੀ ਮੇਰੇ ਪ੍ਰਤੀ ਕੋਈ ਅਜਿਹੀ ਭਾਵਨਾਂ ਨਹੀਂ ਹੈ। ਜਦੋਂ ਅਸੀਂ ਮਾਨਸਿਕ ਰੂਪ ਵਿੱਚ ਇੱਕ ਦੂਜੇ ਨੂੰ ਕਦੇ ਸਮਝ ਹੀ ਨਹੀਂ ਸਕੇ, ਪਿਆਰ ਪੈਦਾ ਹੀ ਨਹੀਂ ਹੋਇਆ, ਇੱਕ ਦੂਜੇ ਦੀਆਂ ਨਜ਼ਰਾਂ ਵਿੱਚ ਉਹ ਆਪਣੇਪਣ ਵਾਲੀ ਇੱਜ਼ਤ ਜਦੋਂ ਪੈਦਾ ਹੀ ਨਹੀਂ ਹੋਈ ਤਾਂ ਨਿਆਣੇ ਕਿੱਥੋਂ ਆਉਣੇ ਆਂ? ਬੱਸ ਲੋਕ ਵਿਖਾਵੇ ਵਾਲੀ ਵਿਅਹੁਤਾ ਜ਼ਿੰਦਗੀ ਕੱਟ ਰਹੇ ਹਾਂ ਦੋਵੇਂ।' ਗੁਰਦਿੱਤ ਨੇ ਢਿੱਲੇ ਜਿਹੇ ਮੂੰਹ ਨਾਲ ਸੱਭ ਕੁੱਝ ਕਿਹਾ।

ਇੱਕ ਦਿਨ ਸਰਬਜੀਤ ਨੇ ਕਿਹਾ, 'ਮੈਂ ਨੌਕਰੀ ਕਰਨੀ ਚਾਹੁੰਦੀ ਹਾਂ।

ਘਰ ਰਹਿ ਕੇ ਰਹਿ ਤੁਹਾਡੀ ਮਾਂ ਦੀਆਂ ਗੱਲਾਂ ਨਹੀਂ ਅਤੇ ਮੁਹੱਲੇ ਦੀਆਂ ਔਰਤਾਂ ਦੀਆਂ ਚੁਗਲੀਆਂ ਨਹੀਂ ਸੁਣੀਆਂ ਜਾਂਦੀਆਂ।'

'ਤੂੰ ਕਮਲੀ ਏਂ? ਨੌਕਰੀ ਕਿਉਂ ਕਰਨੀ ਆ? ਕੱਲ੍ਹ ਤੋਂ ਦਫ਼ਤਰ ਆ ਜਾਇਆ ਕਰ, ਉੱਥੇ ਬਹਿ ਕੇ ਜੋ ਕੰਮ ਕਰਨਾ ਹੋਇਆ ਕਰਦੀ ਰਹੀ ਨਾਲੇ ਸਟਾਫ ਕੋਲੋਂ ਕੰਮ ਲਿਆ।' ਗੁਰਦਿੱਤ ਨੇ ਜੁਆਬ ਦਿੱਤਾ।

'ਨਹੀਂ! ਮੈਨੂੰ ਉਹ ਕੰਮ ਪਸੰਦ ਨਹੀਂ। ਮੈਂ ਕਿੱਤੇ ਆਪਣੀ ਜੌਬ ਕਰਨੀ ਆ।' ਸਰਬਜੀਤ ਨੇ ਅੱਗੋਂ ਕਿਹਾ।

'ਤੇ ਉੱਥੇ ਮੇਰੇ ਨਾਲ ਕੰਮ ਕਰਨ 'ਚ ਕੀ ਹਰਜ਼ ਆ?' ਗੁਰਦਿੱਤ ਨੇ ਫਿਰ ਪੁੱਛਿਆ।

'ਮੈਂ ਨਹੀਂ ਕਰਨਾ, ਮੈਂ ਆਪੇ ਸਟੈਂਡ ਹੋਣਾ ਚਾਹੁੰਦੀ ਹਾਂ। ਬਹੁਤ ਸੁਣ ਲਿਆ ਲੋਕਾਂ ਕੋਲੋਂ ਆਪਣੇ ਬਾਰੇ। ਹੁਣ ਹੋਰ ਨਹੀਂ।' ਸਰਬਜੀਤ ਨੇ ਦੋ ਟੁੱਕ ਜੁਆਬ ਦਿੱਤਾ।

ਗੁਰਦਿੱਤ ਨੇ ਸੋਚਿਆ, 'ਸ਼ਾਇਦ ਘਰੋਂ ਬਾਹਰ ਨਿਕਲੂ ਤਾਂ ਇਸਦੇ ਸੁਭਾਅ ਵਿੱਚ ਕੁੱਝ ਬਦਲਾਵ ਆਊ। ਨਵੇਂ ਦੋਸਤ ਬਣਨਗੇ। ਥੋੜੀ ਘੁਲ-ਮਿਲ ਜਾਊ। ਘਰ ਵੀ ਸਾਰਾ ਦਿਨ ਟੀ.ਵੀ. ਜਾਂ ਮੋਬਾਇਲ ਨਾਲ ਚਿੰਬੜੀ ਰਹਿੰਦੀ ਆ। ਨਵੇਂ ਸੂਟ ਸਵਾਊਗੀ, ਪਾਊਗੀ, ਰੋਜ਼ ਤਿਆਰ ਹੋ ਕੇ ਕੰਮ 'ਤੇ ਜਾਊਗੀ। ਨਾਲੇ ਤਾਂ ਅੰਦਰ ਬਾਹਰ ਜਾਣ ਨਾਲ ਮਾਸਾ ਇਹਦਾ ਰੂਪ ਨਿਖਰੂਗਾ 'ਤੇ ਸ਼ਾਇਦ ਦਿਮਾਗ ਵੀ ਨਿਖਰ ਜਾਵੇ' ਇਹ ਸੋਚ ਕੇ ਗੁਰਦਿੱਤ ਨੇ ਹਾਂ ਕਰ ਦਿੱਤੀ।

ਦੂਜੇ ਤੀਜੇ ਦਿਨ ਤੋਂ ਬਾਅਦ ਸਰਬਜੀਤ ਨੌਕਰੀ 'ਤੇ ਜਾਣ ਲੱਗ ਪਈ। ਉਹ ਕਾਫੀ ਖੁਸ਼ ਨਜ਼ਰ ਆਉਂਦੀ, ਪਰ ਘਰ ਆਉਂਦੇ ਹੀ ਉਸਨੂੰ ਭਾਸਦਾ ਜਿਵੇਂ ਜੇਲ੍ਹ ਵਿੱਚ ਆ ਗਈ ਹੋਵੇ। ਬੱਸ ਆਪਣਾ ਕੰਮ ਨਿਬੇੜਿਆ 'ਤੇ ਚੱਲ ਆਪਣੇ ਕਮਰੇ ਵਿੱਚ। ਗੁਰਦਿੱਤ ਘਰ ਅਇਆ ਜਾਂ ਨਹੀਂ ਆਇਆ। ਉਹਨੇ ਰੋਟੀ ਖਾਧੀ ਜਾਂ ਨਹੀਂ ਖਾਧੀ। ਇਸ ਗੱਲ ਦਾ ਕੋਈ ਫ਼ਿਕਰ ਨਾ ਤਾਂ ਪਹਿਲਾਂ ਸੀ, ਹੁਣ ਤਾਂ ਬਿਲਕੁੱਲ ਹੀ ਨਾ ਰਿਹਾ।

ਛੇ ਕੁ ਮਹੀਨੇ ਬੀਤ ਗਏ। ਇੱਕ ਦਿਨ ਅਚਾਨਕ ਹੀ ਗੁਰਦਿੱਤ ਨੇ ਸਰਬਜੀਤ ਦਾ ਮੋਬਾਇਲ ਫ਼ੋਨ ਚੈੱਕ ਕੀਤਾ, ਅਜਿਹਾ ਵਿਆਹ ਦੇ ਨੌਂ ਵਰ੍ਹਿਆਂ 'ਚ ਪਹਿਲੀ ਵਾਰ ਹੋਇਆ ਸੀ। ਸਰਬਜੀਤ ਆਪਣੀ ਫੇਸਬੁੱਕ 'ਤੇ ਕਿਸੇ ਨਾਲ ਲੰਮੇ ਸਮੇਂ ਤੋਂ ਚਾਟਿੰਗ ਕਰ ਰਹੀ ਸੀ। ਗੁਰਦਿੱਤ ਇਹ ਸੱਭ ਕੁੱਝ ਦੇਖ ਕੇ ਚੁੱਪ ਰਿਹਾ ਅਤੇ ਕੁੱਝ ਨਾ ਬੋਲਿਆ। ਆਈ.ਡੀ ਵਿੱਚ ਆਈਆਂ ਗਈਆਂ ਫ਼ੋਟੋਆਂ

ਸੱਭ ਉਸਨੇ ਆਪਣੇ ਮੋਬਾਇਲ ਵਿੱਚ ਟਰਾਂਸਫਰ ਕਰ ਲਈਆਂ। ਇਸ ਤਰ੍ਹਾਂ ਕੋਈ ਮਹੀਨਾ ਹੋਰ ਬੀਤ ਹੋ ਗਿਆ।

ਇਕ ਦਿਨ ਗੁਰਦਿੱਤ ਸਪੈਸ਼ਲ, ਸਰਬਜੀਤ ਦੇ ਇੱਕ ਸਹੇਲੀ ਨੂੰ ਮਿਲਣ ਉਸਦੇ ਘਰ ਗਿਆ ਅਤੇ ਸਾਰੀ ਗੱਲਬਾਤ ਕੀਤੀ ਅਤੇ ਉਹਦੀ ਸਹੇਲੀ ਨੂੰ ਉਸਦੀ ਆਈ.ਡੀ. ਵਿੱਚੋਂ ਫ਼ੋਟੋਆਂ ਵਿਖਾਈਆਂ। ਸਰਬਜੀਤ ਦੀ ਸਹੇਲੀ ਨੇ, ਉਹ ਲੜਕੇ ਦੀਆਂ ਫੋਟੋਆਂ ਤੋਂ ਉਸਨੂੰ ਝੱਟ ਪਹਿਚਾਣ ਲਿਆ ਕਿ ਇਹ ਤਾਂ ਉਹੀ ਲੜਕਾ ਹੈ, ਜਿਸ ਨੂੰ ਇਹ ਪਹਿਲੇ ਵਿਆਹ ਤੋਂ ਵੀ ਪਹਿਲਾਂ ਪਸੰਦ ਕਰਦੀ ਸੀ। ਗੁਰਦਿੱਤ ਨੇ ਸਾਰੀ ਜਾਣਕਾਰੀ ਇੱਕਠੀ ਕੀਤੀ ਅਤੇ ਉਸਦੀ ਸਹੇਲੀ ਕੋਲੋਂ ਵਾਅਦਾ ਲਿਆ ਕਿ ਇਸ ਬਾਰੇ ਉਹ ਸਰਬਜੀਤ ਨਾਲ ਕੋਈ ਗੱਲ ਨਾ ਕਰੇ।

ਫਿਰ ਇੱਕ ਦਿਨ ਜਦ ਸਰਬਜੀਤ ਨੌਕਰੀ 'ਤੇ ਗਈ ਹੋਈ ਸੀ ਤਾਂ ਮਗਰੋਂ ਗੁਰਦਿੱਤ ਘਰ ਆਇਆ ਅਤੇ ਚਾਬੀਆਂ ਲੱਭ ਕੇ, ਸਰਬਜੀਤ ਦੀ ਅਲਮਾਰੀ ਵਿੱਚੋਂ ਸਾਰੇ ਸਮਾਨ ਦੀ ਫਰੋਲਾ ਫਿਰੋਲੀ ਕੀਤੀ। ਜਿਸ ਵਿੱਚੋਂ ਸਰਬਜੀਤ ਵੱਲੋਂ ਚੋਰੀ ਰੱਖਿਆ ਹੋਇਆ ਮੋਬਾਇਲ ਫ਼ੋਨ ਵੀ ਮਿਲਿਆ। ਮੋਬਾਇਲ ਫੋਨ ਦੀ ਹਾਲਤ ਕੁੱਝ ਇੱਦਾਂ ਦੀ ਸੀ, ਜਿਵੇਂ ਕਾਫੀ ਸਮੇਂ ਤੋਂ ਚਾਰਜ ਨਾ ਕੀਤਾ ਹੋਵੇ।

# 8

ਪਹਿਲਾਂ ਤਾਂ ਗੁਰਦਿੱਤ ਨੇ ਮੋਬਾਇਲ ਫੋਨ ਨੂੰ ਚਾਰਜ ਕੀਤਾ, ਫਿਰ ਉਸਨੂੰ ਚੈੱਕ ਕੀਤਾ। ਉਸ ਫੋਨ ਵਿੱਚ ਵੀ ਉਸੇ ਹੀ ਲੜਕੇ ਦੀਆਂ ਦੋ ਚਾਰ ਤਸਵੀਰਾਂ ਪਈਆਂ ਹੋਈਆਂ ਸਨ ਅਤੇ ਵਿਆਹ ਤੋਂ ਲੱਗਭਗ ਚਾਰ ਸਾਲ ਬਾਅਦ ਤੱਕ ਦੇ ਉਸਨੂੰ ਕੀਤੇ ਅਤੇ ਆਏ ਫੋਨਾਂ ਦਾ ਕੁੱਝ ਵੇਰਵਾ ਸੀ ਅਤੇ ਕੁੱਝ ਆਏ ਗਏ ਮੈਸਜ਼ਸ ਸਨ। ਗੁਰਦਿੱਤ ਨੂੰ ਬਹੁਤ ਵੱਡਾ ਧੱਕਾ ਲੱਗਿਆ। ਐਨਾ ਦੁੱਖ ਉਹਨੂੰ ਸਰਬਜੀਤ ਦੀ ਚਾਟਿੰਗ ਫੜ੍ਹੇ ਜਾਣ ਦਾ ਦੁੱਖ ਨਹੀਂ ਸੀ ਅਤੇ ਨਾ ਹੀ ਚੋਰੀ ਮੋਬਾਇਲ ਰੱਖੇ ਜਾਣ ਦਾ। ਦੁੱਖ ਤਾਂ ਇਸ ਗੱਲ ਦਾ ਜਿਆਦਾ ਲੱਗਾ ਕਿ ਵਿਆਹ ਤੋਂ ਚਾਰ ਸਾਲ ਤੱਕ ਜਦੋਂ ਸਾਡੇ ਦੋਵਾਂ ਵਿੱਚ ਐਨੀ ਅਣ-ਬਣ ਵੀ ਨਹੀਂ ਸੀ। ਗੁਰਦਿੱਤ ਉਸਦੀ ਹਰ ਰੀਜ਼ ਪੂਰੀ ਕਰਦਾ ਸੀ। ਉਸਦੇ ਅੱਗੇ ਪਿੱਛੇ ਘੁੰਮਦਾ ਰਹਿੰਦਾ ਸੀ, ਉਹਨਾਂ ਦਿਨਾਂ ਵਿੱਚ ਇਹ ਉਸ ਲੜਕੇ ਨਾਲ ਮੇਰੇ ਤੋਂ ਚੋਰੀ ਗੱਲਾਂ ਕਰਦੀ ਰਹੀ ਸੀ ਅਤੇ ਮੈਂ ਬੇਵਕੂਫਾਂ ਵਾਂਗ 'ਹੌਲੇ ਹੌਲੇ ਹੋ ਜਾਏਗਾ ਪਿਆਰ' ਗੀਤ ਗਾਉਂਦਾ ਫਿਰਦਾ ਸੀ।

ਖ਼ੈਰ! ਹੁਣ ਉਸਨੂੰ ਆਪਣੇ ਪਰਵਾਰ ਵਿੱਚ ਸਾਰੀ ਗੱਲ ਖੋਲ੍ਹਣੀ ਪੈ ਗਈ। ਸਰਬਜੀਤ ਦੇ ਮਾਤਾ-ਪਿਤਾ ਨੂੰ ਵੀ ਸੱਦਿਆ ਗਿਆ। ਸਰਬਜੀਤ ਬਹੁਤ ਰੋਈ, ਗਿੜਗੜਾਈ, ਤਰਲੇ ਮਿੰਨਤਾਂ ਕੀਤੀਆਂ ਅਤੇ ਇਹੀ ਕਿਹਾ, 'ਮੈਂ ਕਦੇ ਇਹ ਫੋਨ ਨਹੀਂ ਵਰਤਿਆ, ਉਹ ਮੇਰੇ ਨਾਲ ਫੇਸਬੁੱਕ 'ਤੇ ਵੀ ਕੁੱਝ ਮਹੀਨੇ ਪਹਿਲਾਂ ਹੀ ਐਡ ਹੋਇਆ ਹੈ, ਸਾਡੇ ਵਿੱਚ ਕੁੱਝ ਨਹੀਂ ਹੈ। ਮੇਰਾ ਯਕੀਨ ਕੀਤਾ ਜਾਵੇ, ਪਰ ਉਸਦੀ ਕਿਸੇ ਗੱਲ 'ਤੇ ਕਿਸੇ ਨੂੰ ਰੱਤੀ ਭਰ ਯਕੀਨ ਨਹੀਂ ਸੀ ਸਿਵਾਏ ਗੁਰਦਿੱਤ ਦੇ ਪਰ ਸੱਭ ਹੈਰਾਨ ਸਨ ਕਿ ਸਰਬਜੀਤ ਇਸ ਹੱਦ ਤੱਕ ਜਾ ਸਕਦੀ ਸੀ।

ਸਰਬਜੀਤ, ਗੁਰਦਿੱਤ ਦੇ ਪੈਰੀਂ ਪੈ ਗਈ। ਆਪਣੀ ਜਾਨ ਦੀ ਦੁਹਾਈ ਦੇਣ ਲੱਗ ਪਈ ਕਿ, 'ਪਲੀਜ਼ ਮੇਰੇ 'ਤੇ ਯਕੀਨ ਕਰੋ। ਮੈਂ ਗਲਤ ਨਹੀਂ ਹਾਂ। ਮੈਂ ਕਦੇ ਉਸਨੂੰ ਮਿਲਣ ਨਹੀਂ ਗਈ। ਇਹ ਫੋਨ ਉਸਨੇ ਮੈਨੂੰ ਬਹੁਤ ਸਾਲ ਪਹਿਲਾਂ

ਦਿੱਤਾ ਸੀ, ਬੱਸ ਮੈਨੂੰ ਸੀ ਕਿ ਕਦੇ ਮਿਲੇਗਾ ਤਾਂ ਤੁਹਾਨੂੰ ਸੱਭ ਦੱਸ ਕੇ ਫੋਨ ਉਸ ਨੂੰ ਵਾਪਸ ਕਰ ਦੇਵਾਂਗੀ। ਪਲੀਜ਼ ਜੇ ਮੇਰੇ ਮਾਂ ਬਾਪ ਨਾਲ ਤੁਸੀਂ ਮੈਨੂੰ ਤੋਰ ਦਿੱਤਾ ਉਹਨਾਂ ਨੇ ਤਾਂ ਮੈਨੂੰ ਮਾਰ ਮੁਕਾਉਣਾ। ਮੇਰੀ ਪਿੰਡ ਵਿੱਚ ਕੋਈ ਇੱਜ਼ਤ ਨਹੀਂ ਰਹਿਣੀ ਕਿ ਇਹ ਦੂਜੀ ਥਾਂ ਵੀ ਨਹੀਂ ਵੱਸੀ। ਮੈਂ ਪਹਿਲਾਂ ਵੀ ਇਸ ਸਮਾਜ ਅਤੇ ਆਪਣੇ ਪਰਵਾਰ ਦੀਆਂ ਜ਼ਿਲੱਤ ਭਰੀਆਂ ਗੱਲਾਂ ਬਹੁਤ ਸੁਣੀਆਂ ਨੇ। ਪਲੀਜ਼ ਮੈਨੂੰ ਇੱਕ ਵਾਰ ਮੁਆਫ਼ ਕਰ ਦਿਓ।'

ਗੁਰਦਿੱਤ ਨੇ ਆਪਣੇ ਅਤੇ ਸਹੁਰਾ ਪਰਵਾਰ ਵਿੱਚ ਆਪਣੀ ਫਿਜ਼ੀਕਲ ਰਿਲੇਸ਼ਨ ਨਾ ਹੋਣ ਬਾਰੇ ਵੀ ਸੱਭ ਕੁੱਝ ਦੱਸ ਦਿੱਤਾ। ਸਰਬਜੀਤ ਦੇ ਮਾਂ-ਬਾਪ ਅਤੇ ਆਏ ਹੋਏ ਮੁਹਤਬਰ ਬੰਦੇ ਸਰਬਜੀਤ ਦੀ ਗਲਤੀ ਕੱਢ ਕੇ, ਚੰਗਾ ਮਾੜਾ ਕਹਿ ਕੇ, ਔਹ ਗਏ ਔਹ ਗਏ। ਪਰ ਉਸਨੂੰ ਨਾਲ ਨਾ ਲੈ ਕੇ ਗਏ।

ਗੁਰਦਿੱਤ ਨੇ ਸੱਭ ਵਿੱਚ ਕਿਹਾ, 'ਮੈਂ ਇਸਦੀ ਹਰ ਗੱਲ ਪੂਰੀ ਕੀਤੀ, ਮੇਰੀ ਰੱਤਾ ਭਰ ਇੱਜ਼ਤ ਨਹੀਂ ਰਹੀ, ਜੋ ਇਹ ਚਾਹੁੰਦੀ ਹੈ ਮੈਂ ਕਰਨ ਨੂੰ ਤਿਆਰ ਹਾਂ, ਪਰ ਮੈਂ ਹੁਣ ਆਪਣੀ ਜ਼ਿੰਦਗੀ ਜਿਊਣਾ ਚਾਹੁੰਦਾ, ਮੈਂ ਵੀ ਇਸ ਨਾਲ ਹੋਰ ਜ਼ਿੰਦਗੀ ਨਹੀਂ ਕੱਟ ਸਕਦਾ। ਇਸਦੇ ਨਾਲ ਵਿਆਹਿਆ ਹੋ ਕੇ ਵੀ, ਮੈਂ ਇਕਦਮ ਇੱਕਲੀ ਜ਼ਿੰਦਗੀ ਜਿਉਂ ਰਿਹਾ ਹਾਂ। ਹੁਣ ਹੋਰ ਨਹੀਂ। ਪਰ ਸਰਬਜੀਤ ਨਾ ਤਾਂ ਪੇਕੇ ਗਈ ਨਾ ਅਗਲੇ ਲੈ ਕੇ ਗਏ। ਨਾ ਹੀ ਕਿਸੇ ਹੰਨੇ ਬੰਨ੍ਹੇ ਲੱਗੀ। ਇਹ ਜ਼ਰੂਰ ਸੀ ਕਿ ਸਰਬਜੀਤ ਦੇ ਪਾਪਾ ਨੇ ਸਖ਼ਤੀ ਨਾਲ ਕਿਹਾ ਕਿ, 'ਇਸ ਨੂੰ ਨੌਕਰੀ 'ਤੇ ਭੇਜਣ ਦੀ ਕੋਈ ਲੋੜ ਨਹੀਂ, ਗੁਰਦਿੱਤ ਨੇ ਨਾਲ ਕੰਮ ਕਰਦੀ ਹੈ ਤਾਂ ਠੀਕ ਨਹੀਂ ਤਾਂ ਘਰ ਦੇ ਕੰਮ ਕਰੇ ਨਾ ਹੀ ਇਸ ਨੂੰ ਮੋਬਾਇਲ ਫੋਨ ਦੇਣ ਦੀ ਲੋੜ ਹੈ।' ਅਤੇ ਇਸ ਤਰ੍ਹਾਂ ਪਰਵਾਰ ਵਾਲੇ ਵੀ ਸਮਝਾ ਬੁਝਾ ਕੇ ਚਲੇ ਗਏ, ਉਹ ਹੋਰ ਕਰ ਵੀ ਕੀ ਸਕਦੇ ਸੀ?

ਗੁਰਦਿੱਤ ਦੀ ਜ਼ਿੰਦਗੀ ਫਿਰ ਉਸੇ ਥਾਂ ਦੀ ਉਸੇ ਥਾਂ ਹੀ ਖੜੋਤੀ ਰਹਿ ਗਈ। ਬਹੁਤ ਥੋੜਾ ਜਿਹਾ ਬਦਲਾਵ ਸਰਬਜੀਤ ਵਿੱਚ ਜ਼ਰੂਰ ਦੇਖਣ ਨੂੰ ਮਿਲਿਆ। ਉਹ ਕਮਰੇ ਵਿੱਚ ਹਨੇਰਾ ਕਰਕੇ ਰੌਂਦੀ ਰਹਿੰਦੀ। ਗੁਰਦਿੱਤ ਨੇ ਵੀ ਉਸ ਨਾਲ ਆਖਰ ਦਸ ਸਾਲ ਕੱਢੇ ਸਨ, ਉਹਦਾ ਦਿਲ ਮੁੜ ਪਸੀਜ ਗਿਆ। ਪਹਿਲਾਂ ਤਾਂ ਉਸਦਾ ਫੋਨ ਉਸਨੂੰ ਵਾਪਸ ਕਰ ਦਿੱਤਾ।

ਅਤੇ ਫਿਰ ਸਰਬਜੀਤ ਨੂੰ ਕਿਹਾ, 'ਦੇਖ ਸਾਡੀ ਦੋਵਾਂ ਦੀ ਜ਼ਿੰਦਗੀ ਖਰਾਬ ਹੋਈ ਹੈ। ਮੈਂ ਤਾਂ ਤੈਨੂੰ ਰੋਕੇ ਵਾਲੇ ਦਿਨ ਵੀ ਕਿਹਾ ਸੀ ਤੁਹਾਡੀ ਵੀ ਮੈਰਿਡ ਲਾਈਫ ਇੱਕ ਵਾਰ ਖ਼ਰਾਬ ਹੋ ਚੁੱਕੀ ਸੋ ਅਸੀਂ ਦੋਵੇਂ ਇੱਕੋ ਜਿਹੇ ਦੁੱਖ ਨੂੰ ਭੋਗ ਚੁੱਕੇ ਹਾਂ। ਇੱਕ ਦੂਜੇ ਦੇ ਜ਼ਖਮਾਂ 'ਤੇ ਮੱਲ੍ਹਮ ਲਗਾ ਕੇ,ਅਸੀਂ ਆਪਣੀ ਜ਼ਿੰਦਗੀ ਸ਼ੁਰੂ ਕਰ

ਸਕਦੇ ਹਾਂ। ਕਿਉਂਕਿ ਇਹ ਪਹਿਲਾ ਨਹੀਂ ਆਖਰੀ ਮੌਕਾ ਹੈ ਸਾਡੇ ਹੈ ਕੋਲ, ਆਪਣੀ ਗੱਲ ਕਰਨ ਦਾ, ਵਿਆਹ ਤੋਂ ਬਾਅਦ ਫਿਰ ਤਜ਼ੁਰਬਾ ਤੁਹਾਡਾ ਵੀ ਹੈ ਅਤੇ ਮੇਰਾ ਵੀ। ਇਸ ਲਈ ਬਹੁਤ ਸੋਚ ਕੇ ਫੈਸਲਾ ਕਰਨਾ।' ਤੂੰ ਉਦੋਂ ਹੀ ਕੁੱਝ ਬੋਲ ਪੈਂਦੀ।

ਸਰਬਜੀਤ ਨੇ ਫਿਰ ਉਹੀ ਗੱਲਾਂ ਦੁਹਰਾਈਆਂ, 'ਮੈਨੂੰ ਜ਼ਬਰਦਸਤੀ ਤੁਹਾਡੇ ਨਾਲ ਵਿਆਹਿਆ ਗਿਆ ਸੀ, ਇਹ ਸਾਰਾ ਕਸੂਰ ਸੰਤੋਖ ਅੰਕਲ (ਵਿਚੋਲੇ) ਦਾ ਹੈ। ਹਫਤੇ ਵਿੱਚ ਵਿਆਹ ਕਰ ਦਿੱਤਾ। ਨਾ ਹੀ ਰੋਕੇ ਵਾਲੇ ਦਿਨ ਸਾਨੂੰ ਜਿਆਦਾ ਗੱਲ ਕਰਨ ਦਿੱਤੀ ਗਈ। ਮੈਂ ਚਾਹੁੰਦੀ ਸੀ ਕਿ ਤੁਸੀਂ ਨਾਂਹ ਕਰ ਦਿਓਗੇ, ਨਾ ਤੁਸੀਂ ਆਪਣਾ ਫੋਨ ਨੰਬਰ ਦਿੱਤਾ, ਬੱਸ ਆਪਣੀਆਂ ਹੀ ਯੱਬਲੀਆਂ ਮਾਰ ਮਾਰ ਕੇ ਗੱਲਾਂ ਦਾ ਕੜ੍ਹਾਹ ਬਣਾਉਂਦੇ ਰਹੇ।'

ਗੁਰਦਿੱਤ ਫਿਰ ਮਨ ਵਿੱਚ ਮੁਸਕਰਾ ਪਿਆ 'ਕਿ ਇਹ ਨਹੀਂ ਸੁਧਰ ਸਕਦੀ।'

ਖੈਰ! ਸਮਾਂ ਲੰਘਦਾ ਜਾ ਰਿਹਾ ਸੀ। ਗੁਰਦਿੱਤ ਆਪਣੇ ਆਪ ਨੂੰ ਵੀ ਇਸ ਸੱਭ ਲਈ ਦੋਸ਼ੀ ਮੰਨਣ ਲੱਗ ਪਿਆ ਸੀ। ਉਸਨੇ ਲਿਖਣਾ ਪੜ੍ਹਨਾ ਬਿਲਕੁੱਲ ਛੱਡ ਦਿੱਤਾ। ਆਪਣਾ ਮੋਬਾਇਲ ਨੰਬਰ ਵੀ ਬਦਲ ਲਿਆ। ਕਾਰੋਬਾਰ ਵੀ ਬੰਦ ਕਰ ਦਿੱਤਾ ਅਤੇ ਇੱਕ ਛੋਟੀ ਜਿਹੀ ਫਰਮ ਵਿੱਚ ਨੌਕਰੀ ਕਰਨ ਲੱਗ ਪਿਆ। ਉਹ ਜ਼ਿੰਦਗੀ ਤੋਂ ਹਾਰ ਚੁੱਕਿਆ ਸੀ, ਉਸ ਕੋਲ ਜਿਉਣ ਦੀ ਕੋਈ ਵਜ੍ਹਾ ਨਹੀਂ ਸੀ ਰਹੀ। ਉਹ ਕਮਾਵੇ ਲਿਆਵੇ ਤਾਂ ਕੀਹਦੇ ਵਾਸਤੇ? ਨਾ ਧੀ, ਨਾ ਪੁੱਤ ਅਤੇ ਘਰਵਾਲੀ ਨਾ ਹੋਇਆਂ ਵਰਗੀ। ਉਸਨੂੰ ਸਮਝ ਨਾ ਆਉਂਦੀ ਕਿ ਸਰਬਜੀਤ ਲਈ ਉਸਦੇ ਦਿਲ ਵਿੱਚ ਪਿਆਰ ਹੈ ਜਾਂ ਸਿਰਫ ਤਰਸ ਜਾਂ ਹਮਦਰਦੀ? ਉਹ ਸਮਝਦਾ ਸੀ ਕਿ ਜੇ ਉਹਨੇ ਵੱਡਾ ਦਿਲ ਕਰਕੇ, ਸਰਬਜੀਤ ਨੂੰ ਘਰੋਂ ਕੱਢ ਦਿੱਤਾ ਤਾਂ ਉਸਦੀ ਜ਼ਿੰਦਗੀ ਬਰਬਾਦ ਹੋ ਜਾਣੀ। ਸਮਾਜ ਦੇ ਤਾਅਨਿਆਂ-ਮਿਹਣਿਆਂ ਨੇ ਹੀ ਸਰਬਜੀਤ ਨੂੰ ਮਾਰ ਦੇਣਾ, ਹੋਰ ਹੋ ਵੀ ਕੀ ਸਕਦੈ ਸਾਡੇ ਸਮਾਜ ਵਿੱਚ। ਨਾ ਹੀ ਸਰਬਜੀਤ ਉਸਨੂੰ ਨਾਲ ਰੱਖਣ ਵਿੱਚ ਖੁਸ਼ ਸੀ ਨਾ ਹੀ ਛੱਡਣ ਵਿੱਚ।

ਗੁਰਦਿੱਤ ਨੇ ਜ਼ਿੰਦਗੀ ਦਾ ਜਿਵੇਂ ਤਿਆਗ ਜਿਹਾ ਕਰ ਦਿੱਤਾ ਹੋਵੇ। ਲਾਉਣ-ਪਾਉਣ ਦਾ ਸ਼ੌਂਕ ਵੀ ਮਰ ਹੀ ਗਿਆ ਸੀ। ਇੱਕ ਮੁਰਦਾ ਲਾਸ਼ ਦੀ ਤਰ੍ਹਾਂ ਜ਼ਿੰਦਗੀ ਜਿਉਂ ਰਿਹਾ ਸੀ। ਇੱਕ ਦਿਨ ਉਸਦੇ ਦਫਤਰ ਵਿੱਚ ਕੰਮ ਕਰਦੀ ਇੱਕ ਕੁੜੀ ਨਵਰੀਤ ਉਹਨੂੰ ਮਿਲੀ। ਉਹ ਗੁਰਦਿੱਤ ਬਾਰੇ ਕਾਫੀ ਕੁੱਝ ਜਾਣਦੀ ਸੀ ਅਤੇ ਦੂਰੋਂ ਨੇੜਿਉਂ ਵਾਕਫ ਸੀ। ਉਹਨੇ ਕਿਹਾ, 'ਪਲੀਜ਼ ਆਪਣੀ ਜ਼ਿੰਦਗੀ ਨੂੰ

ਇਸ ਤਰ੍ਹਾਂ ਖਰਾਬ ਨਾ ਕਰੋ ਸਰ! ਮੈਨੂੰ ਬੜਾ ਦੁੱਖ ਹੁੰਦਾ ਤੁਹਾਨੂੰ ਇਸ ਹਾਲਤ ਵਿੱਚ ਵੇਖ ਕੇ। ਤੁਸੀਂ ਬਹੁਤ ਟੈਲੰਟਡ ਹੋ, ਹਰ ਖੇਤਰ ਵਿੱਚ ਕਾਮਯਾਬ ਹੋ ਸਕਦੇ ਹੋ। ਜੇ ਤੁਹਾਡੀ ਪਤਨੀ ਤੁਹਾਨੂੰ ਛੱਡਣ ਨੂੰ ਤਿਆਰ ਹੈ ਤਾਂ ਮੈਂ ਤੁਹਾਡੇ ਨਾਲ ਵਿਆਹ ਕਰਵਾਉਣ ਨੂੰ ਤਿਆਰ ਹਾਂ। ਮੈ ਤੁਹਾਡਾ ਦੁੱਖ ਸਮਝ ਸਕਦੀ ਹਾਂ ਅਤੇ ਤੁਹਾਡੇ ਵਰਗਾ ਲਾਈਫ ਪਾਰਟਨਰ ਕਿਹੜੀ ਕੁੜੀ ਨਹੀਂ ਚਾਹੁੰਦੀ ਹੋਵੇਗੀ? ਅਸੀਂ ਆਪਣਾ ਕਾਰੋਬਾਰ ਮੁੜ ਸਟੈਂਡ ਕਰਾਂਗੇ। ਜਿਵੇਂ ਦੀ ਜ਼ਿੰਦਗੀ ਤੁਸੀਂ ਕਦੇ ਸੋਚੀ ਸੀ, ਉਹ ਸੱਭ ਸੱਚ ਕਰ ਦੇਵਾਂਗੀ, ਮੇਰਾ ਵਾਅਦਾ ਹੈ। ਮੈਂ ਆਪਣੇ ਘਰ ਵੀ ਗੱਲ ਕਰ ਲਵਾਂਗੀ। ਮੈਂ ਤੁਹਾਡੇ ਨਾਲ ਤਿੰਨ ਸਾਲ ਕੰਮ ਕੀਤਾ ਹੈ। ਮੈਨੂੰ ਤੁਸੀਂ ਪਸੰਦ ਹੋ। ਪਲੀਜ਼ ਆਪਣਾ ਜੁਆਬ ਸੋਚ ਸਮਝ ਕੇ ਦੇਣਾ।'

ਸੋਚੇ ਹੋਏ ਸੁਪਨਿਆਂ ਦੀ ਜ਼ਿੰਦਗੀ ਕੌਣ ਨਹੀਂ ਜਿਊਣਾ ਚਾਹੁੰਦਾ ਜੇ ਉਸਨੂੰ ਮੌਕਾ ਮਿਲੇ? ਗੁਰਦਿੱਤ ਨੇ ਸਰਬਜੀਤ ਨਾਲ ਗੱਲ ਕੀਤੀ।

'ਸਰਬਜੀਤ! ਕੁੱਝ ਸੋਚਿਆ ਆਪਣੇ ਦੋਵਾਂ ਬਾਰੇ ਫਿਰ ਕਿ ਨਹੀਂ ਅਜੇ?' ਗੁਰਦਿੱਤ ਨੇ ਇੱਕ ਦਿਨ ਪੁੱਛ ਹੀ ਲਿਆ।

'ਮੈਂ ਕੀ ਸੋਚਣਾ ਏ?' ਸਰਬਜੀਤ ਨੇ ਦੋ ਟੁੱਕ ਜੁਆਬ ਦਿੱਤਾ।

'ਇਹੀ ਕਿ ਅੱਗੇ ਕੀ ਕਰਨਾ ਹੈ ਹੁਣ? ਗਿਆਰਵਾਂ ਸਾਲ ਲੱਗ ਜਾਣਾ ਸਾਡੇ ਵਿਆਹ ਨੂੰ।' ਗੁਰਦਿੱਤ ਨੇ ਕਿਹਾ।

'ਮੈਨੂੰ ਨਹੀਂ ਪਤਾ ਕੁੱਝ, ਤੁਹਾਡੀ ਮਾਂ ਵੀ ਸਾਰਾ ਦਿਨ ਸਿਰ ਖਾਂਧੀ ਰਹਿੰਦੀ ਏ ਤੇ ਤੁਸੀਂ ਵੀ, ਤੁਹਾਨੂੰ ਹੋਰ ਕੁੱਝ ਨਹੀਂ ਸੁਝਦਾ ਗੱਲ ਕਰਨ ਨੂੰ?' ਸਰਬਜੀਤ ਨੇ ਕਿਹਾ।

'ਹੱਦ ਆ ਯਾਰ! ਇੱਦਾਂ ਹੀ ਕੱਢਣੀ ਆ ਸਾਰੀ ਜ਼ਿੰਦਗੀ? ਗੁਰਦਿੱਤ ਨੇ ਥੋੜੇ ਗੁੱਸੇ ਵਿੱਚ ਕਿਹਾ।

'ਮੈਂ ਕੀ ਕਰਾਂ ਫਿਰ? ਹੋ ਜਾਊਗਾ ਸੱਭ ਠੀਕ, ਤੁਸੀਂ ਵੀ ਤਾਂ ਕੋਸ਼ਿਸ਼ ਕਰੋ।' ਸਰਬਜੀਤ ਨੇ ਜੁਆਬ ਦਿੱਤਾ।

'ਜੋ ਪਿਛਲੇ ਦਸਾਂ ਸਾਲਾਂ 'ਚ ਤੇਰਾ ਆਹ ਸੱਭ ਠੀਕ ਨਹੀਂ ਹੋਇਆ, 'ਗਾਂਹ ਕਿਵੇਂ ਹੋ ਜਾਊ? ਨਾ ਤੂੰ ਸੁੱਖ ਨਾਲ ਜ਼ਿੰਦਗੀ ਜਿਊ ਰਹੀ ਹੈ ਨਾ ਮੈਂ ਜੀਅ ਪਾ ਰਿਹਾ ਹਾਂ। ਸਾਨੂੰ ਫੈਸਲਾ ਤਾਂ ਹੁਣ ਕਰਨਾ ਪੈਣਾ, ਕਿਉਂਕਿ ਮੇਰੇ ਕੋਲ ਮੌਕਾ ਹੈ ਆਪਣੀ ਜ਼ਿੰਦਗੀ ਸ਼ੁਰੂ ਕਰਨ ਦਾ। ਪਰ ਜਦ ਤੱਕ ਤੂੰ ਕਿਸੇ ਪਾਸੇ ਨਹੀਂ ਲੱਗੇਂਗੀਂ ਮੈਂ ਕੁੱਝ ਨਹੀਂ ਕਰ ਸਕਦਾ ਅਤੇ ਨਾ ਹੀ ਤੂੰ ਸਾਰੀ ਜ਼ਿੰਦਗੀ ਕਿਸੇ ਪਾਸੇ ਲੱਗ ਸਕਦੀ ਹੈਂ। ਸਾਡੀ ਜ਼ਿੰਦਗੀ ਦਾ ਫੈਸਲਾ ਹੁਣ ਸਾਨੂੰ ਹੀ ਲੈਣਾ ਪੈਣਾ ਏ। ਤੇਰੇ ਮਾਂ-

ਬਾਪ ਨੇ ਜੋ ਤੇਰੇ ਨਾਲ ਪਹਿਲਾਂ ਕੀਤੀ ਅਤੇ ਜੋ ਹੁਣ ਕਰ ਗਏ ਅਤ ਤੇਰੇ ਸਾਹਮਣੇ ਹੀ ਹੈ ਸੱਭ ਕੁੱਝ। ਇੰਨਾ ਕੁੱਝ ਹੋਣ ਦੇ ਬਾਵਜੂਦ ਮੈਂ ਤੇਰੇ 'ਤੇ ਹੱਥ ਤੱਕ ਨਹੀਂ ਚੁੱਕਿਆ ਅਤੇ ਨਾ ਹੀ ਬੁਰਾ ਭਲਾ ਕਿਹਾ। ਮੇਰੀ ਥਾਂ ਕੋਈ ਹੋਰ ਮਰਦ ਹੁੰਦਾ ਤਾਂ ਗੁਤੋਂ ਫੜ੍ਹ ਕੇ ਘਰ ਤੋਂ ਬਾਹਰ ਕੱਢ ਦਿੰਦਾ। ਤੇਰਾ ਫੋਨ ਤੈਨੂੰ ਵਾਪਸ ਕਰ ਦਿੱਤਾ। ਹੋਰ ਦੱਸ ਤੇਰਾ ਸਾਥ ਕਿਸ ਤਰ੍ਹਾਂ ਦੇਵਾਂ?' ਗੁਰਦਿੱਤ ਨੇ ਕਿਹਾ।

'ਤੁਸੀਂ ਕੀ ਚਾਹੁੰਦੇ ਹੋ? ਇਹ ਦੱਸੋ?' ਸਰਬਜੀਤ ਨੇ ਪੁੱਛਿਆ।

'ਮੈਂ ਆਪਣੀ ਜ਼ਿੰਦਗੀ ਮੁੜ ਸ਼ੁਰੂ ਕਰਨਾ ਚਾਹੁੰਦੇ ਹਾਂ, ਬੱਸ!' ਗੁਰਦਿੱਤ ਨੇ ਜੁਆਬ ਦਿੱਤਾ।

'ਵਿਆਹ ਕਰਵਾਉਣੈ ਤੁਸੀਂ?' ਸਰਬਜੀਤ ਨੇ ਮੁੜ ਪੁੱਛਿਆ

'ਸ਼ਾਇਦ ਹਾਂ!' ਗੁਰਦਿੱਤ ਨੇ ਦੋ ਹਰਫੀ ਜੁਆਬ ਦਿੱਤਾ।

'ਤਾਂ ਕਰਵਾ ਲਉ! ਮੈਨੂੰ ਕੋਈ ਇਰਤਾਜ਼ ਨਹੀਂ ਹੈ। ਪਰ ਮੈਂ ਇਹ ਘਰ ਨਹੀਂ ਛੱਡ ਸਕਦੀ ਅਤੇ ਨਾ ਹੀ ਤਲਾਕ ਦੇ ਸਕਦੀ ਹਾਂ। ਮੈਂ ਤੁਹਾਡੇ ਵਿਆਹ 'ਤੇ ਇਤਰਾਜ਼ ਨਹੀਂ ਕਰਾਂਗੀ, ਪਰ ਮੇਰਾ ਇਸ ਘਰ ਨਾਲ ਮੋਹ ਪੈ ਚੁੱਕਿਆ ਹੈ। ਮੈਂ ਮਰ ਕੇ ਹੀ ਇਸ ਘਰੋਂ ਜਾਵਾਂਗੀ ਨਹੀਂ ਤਾਂ ਨਹੀਂ। ਤਲਾਕ ਵੀ ਦੇ ਸਕਦੀ ਹਾਂ, ਪਰ ਜੇ ਮੈਂ ਤਲਾਕ ਦੇ ਦਿੱਤਾ ਤਾਂ ਤੁਸੀਂ ਮੈਨੂੰ ਘਰੋਂ ਕੱਢ ਦੇਣਾ ਜਾਂ ਮੇਰੇ ਮਾਂ-ਬਾਪ ਨੇ ਮੈਨੂੰ ਇੱਥੋਂ ਲੈ ਜਾਣਾ ਅਤੇ ਮੇਰਾ ਤੀਜਾ ਵਿਆਹ ਕਰ ਦੇਣਾ। ਮੈਂ ਹੋਰ ਬੰਦੇ ਨਹੀਂ ਬਦਲ ਸਕਦੀ ਅਤੇ ਵਿਆਹ ਦੇ ਨਾਂ ਤੋਂ ਵੀ ਮੈਨੂੰ ਨਫ਼ਰਤ ਹੈ। ਇੱਥੇ ਕੱਟ ਲਵਾਂਗੀ। ਮੈਨੂੰ ਤੁਹਾਡੇ ਮੰਮੀ ਪਾਪਾ ਤੋਂ ਕੋਈ ਇਤਰਾਜ਼ ਨਹੀਂ ਹੈ, ਨਾਲੇ ਉਹ ਵੀ ਮੈਨੂੰ ਵਾਧੂ ਪਿਆਰ ਕਰਦੇ ਹਨ। ਤੁਸੀਂ ਜਿੱਥੇ ਜਾਣਾ ਜਾਓ, ਮੈਂ ਤੁਹਾਡੀ ਜ਼ਿੰਦਗੀ ਵਿੱਚ ਦਖ਼ਲ ਨਹੀਂ ਦੇਵਾਂਗੀ।' ਸਰਬਜੀਤ ਨੇ ਕਿਹਾ।

ਹੁਣ ਗਰਦਿੱਤ ਨੇ ਹੋਰ ਜਿਆਦਾ ਫਸ ਗਿਆ। ਨਾ ਇਸ ਬਾਰੇ ਕੋਈ ਘਰ ਗੱਲ ਕਰ ਸਕਦਾ। ਨਾ ਸਰਬਜੀਤ ਸਮਝਦੀ ਅਤੇ ਨਾ ਹੀ ਨਵਰੀਤ ਨੂੰ ਕੋਈ ਜੁਆਬ ਦੇ ਸਕਦਾ ਸੀ। ਸਬੱਬੀਂ ਨਵਰੀਤ ਦੀ ਫੋਨ ਕਾਲ ਆ ਗਈ ਕਿ, 'ਮੇਰਾ ਪਰਵਾਰ ਸਿਰਫ ਇਸ ਸ਼ਰਤ 'ਤੇ ਵਿਆਹ ਕਰਨ ਨੂੰ ਤਿਆਰ ਹੈ ਜੇਕਰ ਸਰਬਜੀਤ ਤੁਹਾਡੇ ਘਰੋਂ ਜਾਂਦੀ ਹੈ, ਤਲਾਕਨਾਮਾ ਲਿਖ ਕੇ ਦਿੰਦੀ ਏ। ਕਿਉਂਕਿ ਇਸ ਤੋਂ ਬਿਨ੍ਹਾਂ ਸਾਡਾ ਵਿਆਹ ਹੋ ਨਹੀਂ ਸਕਦਾ ਅਤੇ ਮੈਂ ਤੁਹਾਡੇ ਨਾਲ ਆਪਣੇ ਵਿਆਹ ਦੀ ਗੱਲ ਕਰਨ ਤੋਂ ਬਾਅਦ ਕਿਸੇ ਹੋਰ ਨਾਲ ਵਿਆਹ ਕਰਵਾਉਣ ਨੂੰ ਤਿਆਰ ਨਹੀਂ ਹਾਂ। ਪਲੀਜ਼ ਕੁੱਝ ਕਰ ਸਕਦੇ ਹੋ ਤਾਂ ਕਰੋ।'

ਕੁੱਝ ਦਿਨਾਂ ਬਾਅਦ ਗੁਰਦਿੱਤ ਨੇ ਫਿਰ ਸਰਬਜੀਤ ਨਾਲ ਗੱਲ ਕੀਤੀ,

ਪਰ ਸਰਬਜੀਤ ਵੱਲੋਂ ਜੁਆਬ ਫਿਰ ਉਹੀ ਪਹਿਲਾਂ ਵਾਲਾ ਰਿਹਾ ਕਿ ਤੁਸੀਂ ਜੋ ਮਰਜ਼ੀ ਕਰੋ, ਜਿੱਥੇ ਮਰਜ਼ੀ ਰਹੋ, ਜਿਵੇਂ ਮਰਜ਼ੀ ਰਹੋ ਪਰ ਮੈਨੂੰ ਇਸ ਘਰ ਤੋਂ ਵੱਖ ਨਾ ਕਰੋ ਅਤੇ ਨਾ ਹੀ ਮੈਂ ਇੱਥੋਂ ਜਾਣਾ।

ਜ਼ਬਰਦਸਤੀ ਸਰਬਜੀਤ ਨੂੰ ਘਰੋਂ ਕੱਢ ਕੇ, ਤੀਜਾ ਵਿਆਹ ਕਰਵਾਉਣ ਤੋਂ ਗੁਰਦਿੱਤ ਵੀ ਆਪਣੇ ਆਪ ਨੂੰ ਅਸਮੱਰਥ ਮੰਨਦਾ ਹੈ, ਇਹ ਉਸ ਲਈ ਇੱਕ ਵੱਡਾ ਧਰਮ ਸੰਕਟ ਹੈ। ਹਾਂ ਦੋਵਾਂ ਦੀ ਰਜ਼ਾਮੰਦੀ ਹੋ ਜਾਵੇ ਤਾਂ ਉਹ ਦੋਵਾਂ ਨੂੰ ਖੁਸ਼ ਰੱਖਣ ਦੀ ਜ਼ਿੰਮੇਵਾਰੀ ਚੁੱਕਣ ਨੂੰ ਤਿਆਰ ਹੈ। ਕਹਿੰਦਾ ਹੈ ਮੈਂ ਮੰਨਦਾ ਹਾਂ ਕਿ 'ਦੋ ਕਿਸ਼ਤੀਆਂ ਵਿੱਚ ਸਵਾਰ ਕਦੇ ਕਾਮਯਾਬ ਨਹੀਂ ਹੋ ਸਕਦਾ' ਜੇ ਇਹ ਸਹੀ ਹੈ ਤਾਂ 'ਇੱਕ ਪੰਥ ਦੋ ਕਾਜ਼' ਕੀ ਹੈ? 'ਨਾਲੇ ਪੁੰਨ ਨਾਲੇ ਫਲੀਆਂ' ਕੀ ਹੈ? 'ਇਕ ਤੀਰ ਦੋ ਨਿਸ਼ਾਨੇ' ਕੀ ਹੈ?

ਸੱਭ ਕੁੱਝ ਹੁੰਦਿਆਂ ਸੁੰਦਿਆਂ ਵੀ, ਬੇਮੰਜ਼ਿਲਾ ਸਫ਼ਰ ਕੱਟਦਾ-ਕੱਟਦਾ ਆਪ ਵੀ ਬੇਮੰਜ਼ਿਲਾ ਜਿਹਾ ਹੋ ਗਿਆ ਹੈ। ਕਦੇ ਕਦੇ ਤਾਂ ਉਸਨੂੰ ਮਹਿਸੂਸ ਹੁੰਦਾ ਹੈ ਕਿ ਉਸਦਾ ਦਿਮਾਗੀ ਤਵੁਜ਼ਨ ਵੀ ਹਿੱਲ ਗਿਆ ਹੈ।


(ਬੱਸ ! ਐਨੀ ਕੁ ਹੈ ਗੁਰਦਿੱਤ ਦੀ ਕਹਾਣੀ)


ਕਲਿਆਣ ਅੰਮ੍ਰਿਤਸਰੀ ਦਾ ਲਿਖਿਆ ਇੱਕ ਸ਼ੇਅਰ ਅਰਜ਼ ਹੈ:
ਇੱਕ ਇੱਕ ਮੋੜ ਉੱਤੇ,
ਕਈ ਕਈ ਮੋੜ ਨੇ।
ਕਿਹੜੇ ਮੋੜਾਂ ਉੱਤੇ,
ਲੈ ਕੇ ਆ ਗਈ ਜ਼ਿੰਦਗੀ।


**ਸਮਾਪਤ।**


ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com


# ਲੇਖਕ ਦੀਆਂ ਹੋਰ ਪੁਸਤਕਾਂ







Majha Worldwide

YouTube / Majha Worldwide

ISBN : 978-93-5493-051-5

9 789354 575921

₹ 150